# ਨਿਰਮਲ-ਪੰਥ-ਪ੍ਰਦੀਪਕਾ

ਗਿਆਨ ਸਿੰਘ ਜੀ ਗਿਆਨੀ

★

ਸੰਪਾਦਕ–

ਸੰਤ ਇੰਦਰ ਸਿੰਘ ਚਕ੍ਰਵਰਤੀ

★

ਕੀਮਤ ੧॥)

Digitized by Panjab Digital Library | www.panjabdigilib.org

ਨਿਰਮਲ ਗ੍ਰੰਥਾਵਲੀ ਨੰ: ੧

ਪ੍ਰਕਾਸ਼ਕ–

## ਨਿਰਮਲ ਪੰਚੈਤੀ ਅਖਾੜਾ, ਕਨਖਲ

ਜ਼ਿਲਾ ਸਹਾਰਨਪੁਰ

ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ ਵਿਚ ਛਪੀ ।

Digitized by Panjab Digital Library | www.panjabdigilib.org

# ਦੋ ਸ਼ਬਦ

ਨਿਰਮਲ ਪੰਥ ਭੂਸ਼ਨ, ਮਹਾਂ ਰਿਸ਼ੀ, ਵਿਦਿਆ ਵਾਰਧੀ, ਪੰਡਤ ਸੁਚਾ ਸਿੰਘ ਜੀ ਮਹਾਰਾਜ, ਸ੍ਰੀ ਮਹੰਤ ਨਿਰਮਲ ਪੰਚੈਤੀ ਅਖਾੜਾ ਕਨਖਲ ੨੧–੯–੬੨ ਨੂੰ ਧਰਮ ਧੁਜਾ ਪਟਿਆਲੇ ਪਧਾਰੇ ਸਨ। ਆਪਜੀ ਦੇ ਨਾਲ ਮਹੰਤ ਦਿਆਲਸਿੰਘ ਜੀ ਨਿਰਮਲ ਇਤਿਹਾਸਕਾਰ, ਸ੍ਰੀਮਾਨ ਮਹੰਤ ਮਿਹਰ ਸਿੰਘ ਜੀ, ਉਤਮ ਸਿੰਘ ਜੀ ਕੁਠਾਰੀ ਸਨ। ਪੰਚੈਤੀ ਅਖਾੜਾ ਦੀ ਰੰਮਤ ਵੀ ਪਟਿਆਲੇ ਹੀ ਸੀ। ਸ੍ਰੀ ਜੀ ਦਾ ਆਗਮਨ ਸੁਣ ਕੇ ਦਰਸ਼ਨ ਕਰਨ ਮੈਂ ਵੀ ਸੇਵਾ ਵਿਚ ਹਾਜ਼ਿਰ ਹੋਇਆ। ਸਾਹਿੱਤਕ ਚਰਚਾ ਚਲਦਿਆਂ 'ਨਿਰਮਲ-ਪੰਥ-ਪ੍ਰਦੀਪਕਾ' ਦਾ ਜ਼ਿਕਰ ਆਇਆ। ਸੁਭਾਗ ਵਸ ਇਹ ਮੇਰੇ ਨਿਜੀ ਪੁਸਤਕਾਲਯ ਵਿਚ ਪਈ ਸੀ। ਸ੍ਰੀ ਮਹੰਤ ਸਾਹਿਬ ਜੀ ਨੇ ਵੇਖਣ ਲਈ ਪੁਸਤਕ ਦੀ ਆਗਿਆ ਕੀਤੀ। ਆਪ ਜੀ ਪਹਿਲਾ ਵੀ ਇਸਨੂੰ ਪੜ੍ਹ ਚੁਕੇ ਸਨ। ਕਾਗਜ਼ ਖ਼ਸਤਾ ਬਹੁਤ ਪੁਰਾਣਾ ਹੋਇਆ ਹੋਇਆ ਹੈ। ਹਥ ਲਾਂਦਿਆਂ ਹੀ ਭੁਰ-ਭੁਰ ਫਟ-ਫਟ ਜਾਂਦਾ ਹੈ, ਕਿਉਂਕਿ ਇਸ ਦੀ ਪਹਿਲੀ ਛਾਪ ੧੯੪੮ ਬਿਕ੍ਰਮੀ ਵਿਚ, ਸਿਆਲਕੋਟ ਹੋਈ ਸੀ, ਜਿਸ ਨੂੰ ਅਜ ੭੦ ਸਾਲ ਦੇ ਕਰੀਬ ਹੋਣ ਨੂੰ ਆਏ ਹਨ, ਮੁੜ ਇਸ ਦੇ ਛਾਪਣ ਦਾ ਕਿਸੇ ਖ਼ਿਆਲ ਹੀ ਨਹੀਂ ਕੀਤਾ। ਇਸ ਦਾ ਸਬੰਧ ਕਿਉਂਕਿ ਨਿਰਮਲ ਪੰਥ ਨਾਲ ਹੈ। ਭਾਵੇਂ ਇਸ ਦੀ ਇਤਿਹਾਸਕ ਮਹੱਤਤਾ ਵੀ ਕੁਝ ਘਟ ਨਹੀਂ, ਪਰ ਸਾਨੂੰ ਸਿਖਾਂ ਨੂੰ ਇਤਿਹਾਸ ਨਾਲ ਵੀ ਕੋਈ ਖ਼ਾਸ ਪ੍ਰੇਮ ਨਹੀਂ ਜੋ ਕੁਝ ਸੁਰਗਵਾਸੀ ਗਿਆਨੀ ਗਿਆਨ ਸਿੰਘ ਜੀ ਕਰ ਗਏ ਸੋ ਕਰ ਗਏ ਮੁੜ ਅਸੀਂ ਕੁਝ ਕਰਨ ਦਾ ਆਪੂੰ ਉਦਮ ਤੇ ਕੀ ਕਰਨਾ ਸੀ ਗਿਆਨੀ ਜੀ ਦੇ ਕੀਤੇ ਕੰਮ ਨੂੰ ਵੀ ਸੰਭਾਲ



Digitized by Panjab Digital Library | www.panjabdigilib.org

ਨਹੀਂ ਸਕੇ। ਅਜ ਗਿਆਨੀ ਜੀ ਦੀ ਰਚਿਤ, ਸਿਖ ਤ੍ਵਾਰੀਖ਼, ਜੋ ਉਨ੍ਹਾਂ ੫-੬ ਹਿਸਿਆਂ ਵਿਚ ਲਿਖੀ ਸੀ, ਪਤਾ ਨਹੀਂ ਲਗ ਰਿਹਾ ਉਸ ਨੂੰ ਕਿਸ ਖੂਹ ਖਾਤੇ ਵਿਚ ਸੁਟ ਪਾਇਆ ਹੈ।

ਮੈਨੂੰ ਪੁਰਾਤਨ ਪੁਸਤਕਾਂ ਨਾਲ ਕੁਝ ਇਸ਼ਕ ਜਿਹਾ ਹੈ, ਮੈਂ ਕਪੜਿਆਂ ਤੋਂ ਤਾਂ ਫਾਕਾ ਮਸਤੀ ਵਿਚ ਦਿਨ ਕਟਦਾ ਰਿਹਾ ਹਾਂ ਪਰ ਪੁਸਤਕਾਂ ਖਰੀਦ ਕੇ ਪੜ੍ਹਣ ਤੋਂ ਨਹੀਂ ਰਹਿ ਸਕਿਆ। ਮੇਰੇ ਨਿਜੀ ਪੁਸਤਕਾਲੇ ਵਿਚ ਪੁਸਤਕਾਂ—ਹਿੰਦੀ-ਪੰਜਾਬੀ—ਦਾ ਚੋਖ ਤੇ ਆਹਲਾ ਸੰਗ੍ਰਹ ਹੈ। ਜੋ ਮੇਰੇ ਜਹੀ ਅਵੱਸਥਾ ਵਾਲੇ ਬੰਦੇ ਕੋਲ ਸ਼ਾਇਦ ਹੀ ਕਿਸੇ ਕੋਲ ਹੋਵੇ।

ਸ੍ਰੀ ਮਹੰਤ ਜੀ ਮਹਾਰਾਜ ਨੇ, ਇਸ ਪੁਸਤਕ ਨੂੰ ਪ੍ਰਕਾਸ਼ਤ ਕਰਾਣ ਦੀ ਇਛਾ ਜ਼ਾਹਰ ਕੀਤੀ। ਮੈਨੂੰ ਇਸ ਦੀ ਨਾ ਕੇਵਲ ਪ੍ਰਸੰਨਤਾ ਹੀ ਹੋਈ ਸਗੋਂ ਇਸ ਦੇ ਸੰਪਾਦਨ ਪ੍ਰਕਾਸ਼ਨ ਪਰੂਫ਼ ਆਦਿ ਵੇਖਣ ਦਾ ਸਾਰਾ ਕੰਮ ਮੈਂ ਖੁਸ਼ੀ ਨਾਲ ਆਪਣੇ ਜੁੰਮੇ ਲੈ ਕੇ ਪੁਸਤਕ ਪ੍ਰੈਸ ਵਿਚ ਦੇ ਦਿਤੀ।

ਮੇਰੀ ਗਿਆਨੀ ਜੀ ਆਦਿ ਨਿਰਮਲ ਵਿਦਵਾਨਾਂ ਦੀਆਂ ਲਿਖਤ ਪੁਸਤਕਾਂ ਦਾ ਪੁਨਰ ਪ੍ਰਕਾਸ਼ਨ ਵੇਖਣ ਦੀ ਬਹੁਤ ਚਾਹਨਾ ਹੈ, ਇਸ ਨਾਲ ਪੁੰਨ ਤੇ ਫਲੀਆਂ' ਦੋਵੇਂ ਗਲਾਂ ਸਹੀ ਹੋ ਸਕਦੀਆਂ ਹਨ। ਕਿਉਂਕਿ ਸੁਟਗੀ ਸਰਦਾਰ ਮੋਹਨ ਸਿੰਘ ਜੀ ਰਾਵਲ ਪਿੰਡੀ ਵਾਲਿਆਂ ਦੇ ਆਗ੍ਰਹਿ ਤੇ, ਉਨ੍ਹਾਂ ਲਈ 'ਗੁਰ ਗਿਰਾਰਥ ਕੋਸ਼' ਰਚਿਤ ਪੰਡਤ ਤਾਰਾ ਸਿੰਘ ਜੀ ਨਿਰੋਤਮ ਦੀਆਂ ਦੋ ਜਿਲਦਾਂ ੩੦) ਤੋਂ ਖਰੀਦੀਆਂ ਸਨ। ਜੋ ਕਦੀ ਦਰਬਾਰ ਪਟਿਆਲਾ ਨੇ ਛਾਪ ਕੇ ਮੁਫ਼ਤ ਵੰਡਿਆ ਸੀ ਅਜ ਵੀ ਜੇ ਇਹ ਦੁਬਾਰਾ ਪ੍ਰਕਾਸ਼ਤ ਕੀਤਾ ਜਾਏ ਤਦ ਇਕਸ ਜਿਲਦ ਵਿਚ ਸਮਾਂਵਿਸਟ ਕਰਕੇ ੫) ਤੋਂ ਵਧ ਲਾਗਤ ਨਹੀਂ ਆ ਸਕਦੀ। ਇਸ ਦੀ ਕਾਫੀ ਮੰਗ ਹੈ ਤੇ ਲੋੜ ਵੀ ਹੈ।

'ਨਿਰਮਲ-ਪੰਥ-ਪ੍ਰਦੀਪਕਾ' ਨਿਰੀ ਪੁਰੀ ਨਿਰਮਲ ਪੰਥ ਲਈ ਹੀ



Digitized by Panjab Digital Library | www.panjabdigilib.org

ਨਹੀਂ ਸਗੋਂ ਇਸ ਦੀ ਇਤਿਹਾਸਕ ਮਹੱਤਤਾ ਵੀ ਕੋਈ ਘਟ ਨਹੀਂ। ਇਸ ਨੂੰ ਪੜ੍ਹ ਕੇ ਚੰਗੀ ਤਰ੍ਹਾਂ ਨਿਹਚੈ ਹੋ ਜਾਂਦਾ ਹੈ ਕਿ ਸਿਖ ਧਰਮ ਪੰਚੈਤਵਾਦ ਦਾ ਕਿਹੋ ਜਿਹਾ ਕਦੋਂ ਦਾ ਹਾਮੀ ਹੈ, ਜਦ ਲੋਕੀ ਪੰਚੈਤਵਾਦ ਜਾਂ ਪੰਚੈਤੀ ਟਾਜ ਦਾ ਨਾਂ ਤੀਕ ਵੀ ਨਹੀਂ ਸਨ ਜਾਣਦੇ। ਨਿਰਮਲ ਪੰਚੈਤੀ ਅਖਾੜੇ ਦਾ ਵਿਧਾਨ ਪੰਚੈਤਵਾਦ ਦਾ ਉਹ ਸੂਰਜ ਹੈ ਜਿਸ ਨੂੰ ਪੜ੍ਹਕੇ ਡਿਕਟੇਟਰਸ਼ਿਪ ਜਾਂ ਤਾਨਾਸ਼ਾਹੀ ਦਾ ਅੰਨ੍ਹੇਰ ਦੂਰ ਹੋ ਜਾਂਦਾ ਹੈ। ਇਸ ਤੋਂ ਬਿਨਾ ਇਹ ਭਾਵਨਾ ਵੀ ਹਿਰਦੈ ਅੰਗਮ ਹੋ ਜਾਂਦੀ ਹੈ ਕਿ ਅਜੋਕੀ ਪੰਚੈਤਵਾਦ ਦੀ ਅੰਨ੍ਹੇਰੀ ਵਿਚ ਵੀ ਆਗੂ ਦਾ ਸਥਾਨ ਸਰਵੋਪਰੀ ਅਤੇ ਪੂਰਨ ਸਤਿਕਾਰ ਦਾ ਪਾਤ੍ਰ ਹੈ। ਜਿਸ ਤੋਂ ਬਿਨਾ ਪੰਚੈਤਵਾਦ ਚਲ ਹੀ ਨਹੀਂ ਸਕਦਾ। ਪੰਚੈਤੀ ਅਖਾੜੇ ਦੀ ਨਿਯੁਕਤੀ ਸਮੇਂ ਨਿਰਮਲ ਪੰਚੈਤੀ ਅਖਾੜੇ ਦਾ ਜੋ ਵਿਧਾਨ ਜਾਂ ਮਰਯਾਦਾ ਪਤ੍ਰ-ਨਿਯਮਾਵਲੀ-ਤਿਆਰ ਹੋਈ ਸੀ ਉਸ ਵਿਚ ਪੂਜਯਪਾਦ ਵਰੱਕਤ ਸ਼ਿਰੋਮਣੀ ਸੰਤ ਬਾਬਾ ਮਹਿਤਾਬ ਸਿੰਘ ਜੀ ਜੋ ਅਖਾੜੇ ਦੇ ਪ੍ਰਥਮ ਸ੍ਰੀ ਮਹੰਤ ਨੀਯਤ ਹੋਏ ਸਨ ਉਨ੍ਹਾਂ ਦਾ ਸਤਿਕਾਰ ਵਿਕਾਰ ਕਾਇਮ ਰਖਣ ਲਈ ਨਿਯਮ ਨੰ: ੧ ਚੰਗੀ ਤਰ੍ਹਾਂ ਪਤਾ ਦੇਂਦਾ ਹੈ ਕਿ ਸ੍ਰੀ ਮਹੰਤ ਸਾਹਿਬ ਜੀ ਦੀ ਪਦਵੀ ਤੇ ਪੁਜੀਸ਼ਨ ਕੀ ਹੈ। ਨਿਰਮਲ ਅਖਾੜੇ ਦਾ ਇਹ ਵਿਧਾਨ ਭਾਦਰੋਂ ਸ਼ੁਦੀ ਦੁਆਸਤੀ ਸੰ: ੧੯੧੮ ਨੂੰ ਹੋਂਦ ਵਿਚ ਆਇਆ ਸੀ।

(੧) ਭਾਈ ਮਤਾਬ ਸਿੰਘ ਸਾਹਿਬ ਮਹਾਤਮਾ ਅਖਾੜੇ ਧਰਮਧੁਜਾ ਦੇ ਮਾਲਕ ਹੈਂ। ਅਖਾੜੇ ਮੈਂ ਹੋਰ ਮਹੰਤ ਬਣਾਉਣਾ, ਹਟਾਉਣਾ, ਖਰਚ ਆਮਦਣੀ ਕਾ ਹਿਸਾਬ ਸਮਝਣਾ, ਹੋਰ ਸਰਬ ਪ੍ਰਕਾਰ ਦੇ ਬਿਹਾਰ ਚਲਾਉਣੇ ਮੈਂ ਭਾਈ ਸਾਹਿਬ ਜੀ ਕੋ ਅਖਤਿਆਰ ਰਹੇਗਾ। ਬਾਦ ਇਨਕੇ ਜੋ ਮਹੰਤ ਹੋਗਾ, ਫੇਰ ਉਹ ਮਾਲਕ ਮੰਨਿਆ ਜਾਵੇਗਾ।

ਪੰਚੈਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਜੀ ਨੂੰ ਇਸ ਵਿਧਾਨ ਨੇ ਉਹ ਸਾਰੇ ਅਧਿਕਾਰ ਦਿਤੇ ਹਨ ਜੋ ਇਕ ਸੰਸਥਾ ਦੇ ਆਗੂ ਲਈ ਜ਼ਰੂਰੀ ਹਨ



Digitized by Panjab Digital Library | www.panjabdigilib.org

ਜਿਸ ਦੇ ਬਿਨਾ ਕਿਸੇ ਸੰਸਥਾ ਦਾ ਉੱਨਤ ਹੋਣਾ ਤਾਂ ਇਕ ਪਾਸੇ ਰਿਹਾ ਉਸ ਦਾ ਸਥਿਰ ਰਹਿਣਾ ਵੀ ਅਸੰਭਵ ਹੀ ਹੋ ਜਾਇਆ ਕਰਦਾ ਹੈ।

ਜਿਸ ਦੀ ਵਸਾਹਤ ਨਿਯਮ ਨੰ: ੫ ਚੰਗੀ ਤਰ੍ਹਾਂ ਕਰਦਾ ਹੈ ਕਿ ਸ੍ਰੀ ਮਹੰਤ ਜੀ ਦੀ ਪਦਵੀ ਨਿਰਮਲ ਪੰਥ ਵਿਚ ਸਰਵੋਪਰੀ ਸਭ ਤੋਂ ਉਚ ਮਾਨਯ ਤੇ ਪੂਜਨੀਯ ਹੈ। ਜਿਨ੍ਹਾਂ ਦੇ ਮੁਕਾਬਲੇ ਵਿਚ ਹੋਰ ਕੋਈ ਨਹੀਂ। ਮੈਨੂੰ ਸ੍ਰੀ ਮਹੰਤ ਰਾਮ ਸਿੰਘ ਜੀ, ਸ੍ਰੀ ਮਹੰਤ ਦਇਆ ਸਿੰਘ ਜੀ, ਸ੍ਰੀ ਮਹੰਤ ਜੀਵਨ ਸਿੰਘ ਜੀ, ਵਰਤਮਾਨ ਸ੍ਰੀ ਮਹੰਤ ਸੁਚਾ ਸਿੰਘ ਜੀ ਦੇ ਚਰਨਾਂ ਵਿਚ ਬੈਠਣ ਦਾ ਸੁਭਾਗ ਹਾਸਲ ਹੋਇਆ ਹੈ। ਮੇਰੀ ਜ਼ਿੰਦਗੀ ਦੇ ਇਹ ਚੰਗੇ ਖਿਣਾਂ ਵਿਚੋਂ ਹਨ। ਮੈਨੂੰ ਏਸ ਪਦਵੀ ਦਾ ਬਹੁਤ ਸਤਿਕਾਰ ਹੈ। ਇਕ ਸਾਹਿਤਕਾਰ ਦੇ ਨਾਤੇ ਮੈਂ ਨਿਰਮਲ ਭੇਖ ਦੀ ਕਾਫੀ ਵਾਕਫੀਅਤ ਹਾਸਲ ਕੀਤੀ ਹੈ। ਮੈਨੂੰ ਆਪਣੇ ਨਿਰਮਲ ਮਿਤ੍ਰਾਂ ਤੇ ਬਹੁਤ ਮਾਣ ਹੈ ਜੇ ਮੈਂ ਨਾ ਲਿਖਣ ਲਗਾਂ ਤਾਂ ਇਕ ਲੰਮੀ ਤਾਲਕਾ ਬਣ ਜਾਇਗੀ। ਉਨ੍ਹਾਂ ਦਾ ਦਿਲ ਵਿਚ ਹੀ ਸਮਰਣ ਕਰਕੇ ਵੰਦਨਾ ਕਰਦਾ ਹਾਂ।

ਇਸ ਪੁਸਤਕ ਵਿਚ ਮੈਂ ਕੋਈ ਪ੍ਰੀਵਰਤਨ ਪ੍ਰੀਵਰਧਨ ਨਹੀਂ ਕੀਤਾ। ਅਜਿਹਾ ਕਰਨ ਦਾ ਮੇਰਾ ਕੋਈ ਅਧਿਕਾਰ ਵੀ ਨਹੀਂ ਸੀ। ਮੇਰੇ ਕੁਝ ਸਜਨ ਇਸ ਦੀ ਭਾਸ਼ਾ ਨੂੰ ਅਜੋਕਾ ਰੂਪ ਦੇਣ ਦੀ ਮੰਗ ਕਰਦੇ ਸਨ ਪਰ ਮੈਨੂੰ ਤੇ ਇਹ 'ਸੰਤ ਭਾਸ਼ਾ' ਜਿਸ ਨੂੰ ਅਜ ਕਲ ਦੇ ਸਾਹਿਤਕ 'ਸਾਧੁਕੜੀ' ਦਸਦੇ ਹਨ, ਬਹੁਤ ਮਿਠੀ ਸੁਹਾਵਣੀ ਤੇ ਉਤਕ੍ਰਿਸ਼ਟ ਲਗਦੀ ਹੈ ਇਸ ਲਈ ਜਿਉਂ ਦੀ ਤਿਉਂ ਰਹਿਣ ਦਿਤੀ ਹੈ।

ਮੈਨੂੰ ਇਸ ਦੀ ਦੂਜੀ ਛਾਪ ਦਾ ਬਹੁਤ ਹਰਸ਼ ਹੈ ਅਤੇ ਇੰਵ ਹੀ ਜੇ ਬਾਕੀ ਪੁਸਤਕਾਂ ਦੀ ਛਪਾਈ ਸੰਭਾਲ ਆਦਿ ਪ੍ਰਕਾਸ਼ਨ ਕਾਰਜ ਦਾ ਕੰਮ ਇਕ ਸੰਸਥਾ ਕਾਇਮ ਕਰਕੇ ਕੀਤਾ ਜਾ ਸਕੇ ਤਦ ਲਾਹੇਵੰਦਾ ਸੌਦਾ ਹੀ ਹੈ। ਘਾਟੇ ਦਾ ਕੰਮ ਨਹੀਂ। 'ਤੇਰਾ ਕੀਆ ਤੁਝੈ ਕਉ ਅਰਪਉ' ਅਨੁਸਾਰ ਮੈਂ



Digitized by Panjab Digital Library | www.panjabdigilib.org

ਇਹ ਪੁਸਤਕ ਨਿਰਮਲ ਪੰਥ ਦੇ ਆਮ ਕਰ ਕੇ ਸਮੂਹ ਸਿਖ ਪੰਥ ਦੇ ਖਾਸ ਕਰ ਕੇ ਕਰ ਕਮਲਾ ਵਿਚ ਮਾਣ ਨਾਲ ਸਮਰਪਨ ਕਰਨ ਦੀ ਖੁਸ਼ੀ ਲੈਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਬਾਕੀ ਜੋ ਵੀ ਕੋਈ ਲਿਖਣ ਪੜ੍ਹਣ ਦੀ ਸੇਵਾ ਹੋਵੇਗੀ ਉਹ ਮੈਨੂੰ ਮਿਲਦੀ ਰਹੇਗੀ ਜਿਸਦੀ ਬੇਗਰਜ਼ ਸੇਵਾ ਨੂੰ ਮੈਂ ਆਪਣਾ ਸੁਭਾਗ ਸਮਝਾਂਗਾ।

ਸ੍ਰੀ ਬਾਬਾ ਸੰਤ ਮਹਿਤਾਬ ਸਿੰਘ ਜੀ ਲਈ ਕੁਝ ਇਕ ਥਾਂ ਭਾਈ ਸ਼ਬਦ ਆਇਆ ਹੈ। ਪੁਰਾਤਨ ਸਮੇਂ ਵਿਚ ਭਾਈ ਦੀ ਵਰਤੋਂ ਬਹੁਤ ਮਹਾਨਤਾ ਭਰੀ ਸੀ, ਜਿਸ ਦਾ ਮਾਣ ਹਾਰੀ-ਸਾਰੀ ਨੂੰ ਨਹੀਂ ਸਗੋਂ ਵਿਰਲੀਆਂ ਮਹਾਨ ਵਿਅਕਤੀਆਂ ਨੂੰ ਹੀ ਮਿਲਿਆ ਕਰਦਾ ਸੀ। ਜਿਵੇਂ ਭਾਈ ਗੁਰਦਾਸ ਜੀ, ਨਿਰਮਲ ਸੰਤ ਭਾਈ ਮਨੀ ਸਿੰਘ ਜੀ ਆਦਿ ਵੀ ਭਾਈ ਤੇ ਸੰਤ ਦੋਹਾਂ ਸ਼ਬਦਾਂ ਨਾਲ ਸਨਮਾਨਤ ਹੁੰਦੇ ਰਹੇ ਹਨ।

ਪਟਿਆਲਾ
੨੫.੯.੬੨

ਸੰਤ-ਇੰਦਰ ਸਿੰਘ ਚਕ੍ਰਵਰਤੀ

---



Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

## ਦੋਹਰਾ ॥

ਏਕ ਅਕਾਲ ਦਯਾਲ ਗੁਰੁ ਦਸ ਬਿਸਾਲ ਗੁਰੁ ਗ੍ਰੰਥ।
ਗਣ ਪਤਿ ਗੌਰੀ ਗੁਣੀ ਜਨ ਸੰਤ ਖਾਲਸਾ ਪੰਥ॥੧॥
ਸਭ ਕੋ ਬੰਦਨ ਕਰ ਭਲੇ ਰਚਹੋਂ ਗ੍ਰੰਥ ਨਵੀਨ।
ਨਿਰਮਲ ਪੰਥ ਪ੍ਰਦੀਪਕਾ ਨਿਰਮਲ ਪੱਧਤਿ ਚੀਨ॥੨॥
ਸੰਤ ਨਿਰਮਲੇ ਭਏ ਜਿਮ ਪੰਥ ਦਸੋਂ ਗੁਰੁ ਕੇਰ।
ਸਾਥ ਪ੍ਰੇਮ ਸੋ ਗਾਥ ਸਭ ਮਾਥ ਨਾਇ ਕਿਹੁ ਟੇਰ॥੩॥
ਪੁਰਾ ਗਰੰਥਨ ਬਹੁ ਵਿਖੇ ਲਿਖੇ ਪਿਖੇ ਪਰਸੰਗ।
ਬੀਨ ਬੀਨ ਬਹੁ ਠੌਰ ਤੈ ਲੈ ਸਾਖੀ ਸਬ ਚੰਗ॥੪॥
ਚਮਨ ਚਮਨ ਤੈ ਸੁਮਨ ਲੈ ਸੁਮਨ ਲਾਇ ਹਰਿ ਗਜਾਨ।
ਦਾਮ ਰੂਪ ਅਭਿ ਰਾਮ ਇਹੁ ਗ੍ਰੰਥ ਬਾਰਤਿਕ ਠਾਨ॥੫॥
ਭੇਖ ਅਲੇਖ ਸਰੂਪ ਲਖ ਇਸ਼ਟ ਸ੍ਰਿਸ਼ਟ ਨਿਜਮਾਨ।
ਨਿਰਮਲ ਪੰਥ ਸੁਦੇਵ ਕੌ ਅਰਪੀ ਬੰਦਨ ਠਾਨ॥੬॥
ਪੰਥ ਅਨਾਦੀ ਗੁਰੂ ਕਾ ਆਹਿ ਨਿਰਮਲਾ ਜੈਸ।
ਪਰਮਾਣੋਂ ਯੁਤ ਸਿੱਧ ਕਰ ਦਿਖ ਰੈਹੈਂ ਅਬ ਤੈਸ॥੭॥
ਜੋ ਬਕਬਾਦੀ ਮਤਸਰੀ ਕਰਤ ਸੁਸਕਟ ਕਟੈਂਸ।
ਤਿਨੈਂ ਉਲੂਕਨ ਢੁਕ ਮੁਖ ਕਾਰਕ ਇਹੁ ਰਵਿ ਹੈਸ॥੮॥
ਸ਼ੰਕਾ ਪੰਕ ਬਿਵਾਦ ਸਬ ਇਸਕੋ ਪੜ੍ਹ ਸੁਨ ਜਾਂਹਿ।
ਪੰਥ ਨਿਰਮਲਾ ਗੁਰੂ ਕਾ ਆਦੀ ਐਨ ਲਖਾਹਿ॥੯॥



Digitized by Panjab Digital Library | www.panjabdigilib.org

# ਅਬ "ਨਿਰਮਲ ਪੰਥ ਪ੍ਰਦੀਪਕਾ" ਲਿੱਖਯਤੇ ॥

॥ ਕੋਈ ਲੋਗ ਕਹਿਤੇ ਹੈਂ ਨਿਰਮਲੇ ਸਾਧੂ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਏ ਹੈਂ। ਕੋਈ ਕੋਈ ਅਗਯਾਨੀ ਕਹਿਤੇ ਹੈਂ ਕਿ ਦਸਮ ਗੁਰੂ ਕੇ ਪੀਛੇ ਜਬ ਮੁਸਲਮਾਨੋ ਨੇ ਸਿੰਘਾਂ ਕੋ ਪਕੜਨੇ ਮਾਰਨੇ ਔਰ ਤੁਰਕ ਕਰਨੇ ਪਰ ਜੋਰ ਦੀਆ ਥਾ ਤਬ ਬਹੁਤ ਸਿੰਘ ਤੋ ਲੜਤੇ ਭਿੜਤੇ ਰਹੇ ਜਿਨ੍ਹੋਂ ਨੇ ਸ਼ਸਤ੍ਰ ਨਹੀਂ ਪਕੜੇ ਓਹ ਨਿਰਮਲੇ ਸਾਧੂ ਬਨ ਬੈਠੇ। ਕਿੰਚਤ ਮਤਸਰ ਕੇ ਭਰੇ ਹੂਏ ਅਕਸਰ ਬਿਨਾ ਬੁੱਧੀ ਦਾਨੇਂ ਬਖਾਨੇ ਹੈਂ, ਜਬ ਸੰਮਤ ੧੯੦੩ ਮੇਂ ਲਾਹੌਰ ਅੰਗ੍ਰੇਜੋਂ ਨੇ ਲੀਯਾ ਓਥੋਂ ਦੇ ਨੌਕਰ ਸਿੰਘ ਜੋ ਪੜ੍ਹੇ ਹੂਏ ਥੇ ਕੰਮ ਕਾਰ ਸੰਸਾਰ ਦਾ ਕੁਛ ਨਾ ਕਰ ਸਕੇ ਓਹ ਨਿਰਮਲੇ ਸਿੰਘ ਬਣ ਫਿਰੇ ॥

ਇਸ ਪ੍ਰਕਾਰ ਜਾਣੇ ਬੂਝੇ ਬਿਨਾ ਜੋ ਬਕਬਾਦ ਕਰਤੇ ਹੈਂ ਉਨ ਕੇ ਮੂੰਹ ਖੰਡ ਦੇਨੇ ਵਾਸਤੇ ਔਰ ਗੁਰੂ ਕੇ ਸਿੱਖਾਂ ਨੂੰ ਸੱਚੀ ਬਾਤ ਦੇਖਾਉਣ ਲਈ ਇਹੁ ਨਿਰਮਲ ਪੱਧਤੀ ਗ੍ਰੰਥ ਤੱਯਾਰ ਕੀਤਾ ਹੈ। ਜਿਸ ਦੇ ਪੜ੍ਹਨੇ ਅਰ ਬੀਚਾਰਨੇ ਤੇ ਨਿਰਮਲ ਪੰਥ ਖਾਲਸਾ ਖਾਸ ਦਸੋ ਗੁਰੂ ਸਾਹਿਬੋਂ ਕਾ ਆਦੀ ਪੰਥ ਪ੍ਰਤੀਤ ਹੋ ਜਾਵੇਗਾ। ਕਾਹੇ ਤੇ ਸ਼੍ਰੀ ਗੁਰੂ ਨਾਨਕ ਜੀ ਸੈਂ ਲੇਕਰ ਦਸਮੇਂ ਪਾਤਸ਼ਾਹ ਪ੍ਰਯੰਤ ਜੋ ਲੋਗ ਗ੍ਰਿਹਸਤੀ ਸੇਵਕ ਉਪਦੇਸ਼ੀ ਹੋਤੇ ਰਹੇ ਸੋ ਕੇਵਲ ਸਿੱਖ ਗੁਰੂ ਕੇ ਮਸ਼ਹੂਰ ਰਹੇ ਔਰ ਜੋ ਬਿਹੰਗਮ ਬੈਰਾਗਯਵਾਨ ਗ੍ਰਿਹਸਥ ਛੋੜ ਕੇ ਉਪਦੇਸ਼ ਲੇ ਕਰ ਚੇਲੇ ਗੁਰੂ ਕੇ ਹੋਤੇ ਰਹੇ ਸੋ ਨਿਰਮਲੇ ਸਿੱਖ ਸਦਾਵਤੇ ਰਹੇ ਹੈਂ। ਇਹੁ ਦੋ ਸੰਗਯਾ ਪਹਿਲੇ ਦਿਨ ਤੇ ਗੁਰੂ ਕੇ ਘਰ ਮੇਂ ਸਿੱਖਾਂ ਦੀ ਥੀਂ ਸੋਈ ਅਬ ਹੈਂ। ਜਬ ਗੁਰੂ ਗੋਬਿੰਦ ਸਿੰਘ ਜੀ ਨੇ ਪਿਛਲੇ ਗੁਰੂਆਂ ਦੀ ਸਿੱਖੀ ਪਰ ਸਿੰਘੀ ਦਾ ਪੇਂਉਦ ਚੜ੍ਹਾਇ ਕੇ ਸਿੰਘ ਪੰਥ ਸਜਾਯਾ ਉਸ ਵਕਤ ਸਭ ਸੇ ਪਹਿਲੇ ਭਾਈ ਧਰਮ ਸਿੰਘ, ਦਯਾ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ ਆਦਿਕ ਜੋ ਨਿਰਮਲੇ ਸਿੱਖਾਂ ਵਿਚ ਮੁਖੀਏ ਬਿਹੰਗਮ



Digitized by Panjab Digital Library | www.panjabdigilib.org

ਬ੍ਰਹਮ ਗਜਾਨੀ ਪਾਂਚ ਕੋਸ਼ ਤੇ ਅਸੰਗ ਆਪ ਕੋ ਮਾਨਨੇ ਵਾਲੇ ਸਿਦਕੀ ਸਿੱਖ ਥੇ, ਉਨਹੀ ਨੇ, ਸਭ ਸੈਂ ਪਹਿਲੇ ਸਿਰ ਦੇਣੇ ਤਕ ਗੁਰੂ ਕੀ ਆਗਜਾ ਮਾਨ ਕਰ, ਖੰਡੇ ਦਾ ਅੰਮ੍ਰਿਤ ਛਕ ਕੇ, ਗੁਰੂ ਕੇ ਪਜਾਰਜੋਂ ਕਾ ਦਰਜਾ ਪਾਯਾ ਔਰ ਗੁਰੂ ਸਾਹਿਬ ਨੇ ਭੀ ਉਨ ਕੇ ਹਾਥ ਸੈਂ ਅੰਮ੍ਰਿਤ ਛਕ ਕੇ "ਗੁਰੂ ਖਾਲਸਾ, ਖਾਲਸਾ ਗੁਰੂ" ਏਹੁ ਬਚਨ ਉਚਾਰਨ ਕਰ ਉਨ ਕੀ ਔਰ ਅਪਨੀ ਏਕ ਰੂਪਤਾ ਦੇਖਾਈ ਹੈ। ਪੁਨਹ ਉਨ ਪਾਂਚੋਂ ਨੇ ਅਪਨੇ ਸਾਥੀ ਤਮਾਮ ਨਿਰਮਲੇ ਸਿੱਖਾਂ ਕੋ ਪ੍ਰੇਰ ਕੇ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘ ਪੰਥ ਦੀ ਉੱਨਤੀ ਕਰਨੇ ਮੇਂ ਬਹੁਤ ਹਿੰਮਤ ਕਰੀ ਜਿਸ ਕਾ ਫਲ ਥੋੜੇ ਹੀ ਅਰਸੇ ਮੇਂ ਪੰਥ ਖਾਲਸਾ ਬਹੁਤ ਬ੍ਰਿਧ ਹੋ ਗਯਾ। (ਪ੍ਰਸ਼ਨ) । ਇਹੁ ਪੰਜੇ ਪਜਾਰੇ ਬਿਹੰਗਮ ਨਿਰਮਲੇ ਸਿੱਖ ਥੇ ਗ੍ਰਿਹਸਥੀ ਨਹੀਂ ਥੇ ਇਹੁ ਕਿਸ ਪ੍ਰਕਾਰ ਨਿਸਚਯ ਹੋਵੇ। (ਉੱਤ੍ਰ) । ਜੇ ਕਰ ਇਹੁ ਗ੍ਰਿਹਸਥੀ ਹੋਤੇ ਤਬ ਭਾਈ ਬੁੱਢੇ, ਭਾਈ ਬਾਲੇ, ਭਾਈ ਬਹਿਲੋ, ਭਾਈ ਭਗਤੂ ਆਦਿਕ ਸਿੱਖਾਂ ਦੇ ਸਮਾਨ ਇਨਕੀ ਭੀ ਬਿੰਦੀ ਔਲਾਦ ਕਿਸੀ ਨਗਰ ਯਾ ਦੇਸ ਮੈਂ ਹੋਤੀ ਸੋ ਕਿਸੀ ਜਗਹ ਨਹੀਂ ਹੈ ਔਰ ਨਾ ਕਿਸੀ ਪੋਥੀ ਮੇਂ ਲਿਖਾ ਹੈ। ਨਾਦੀ ਸੰਤਾਨ ਉਨਕੀ ਪੰਥ ਖਾਲਸਾ ਬਹੁਤ ਹੈ ਇਸੀ ਕਾਰਨ ਤੇ ਠੀਕ ਨਿਸਚਯ ਹੋਤਾ ਹੈ ਓਹ ਅਵੱਸ ਬਿਹੰਗਮ ਨਿਰਮਲੇ ਸਿੱਖ ਥੇ। ਯੱਦਜਪਿ ਭਾਈ ਗੁਰਦਾਸ ਜੀ ਕੇ ਬਚਨ ਅਨੁਸਾਰ ਸਭੀ ਸਿੱਖ ਗੁਰੂ ਕੇ ਨਿਰਮਲੇ ਹੈਂ, ਪਰੰਤੂ ਦੂਸਰੇ ਸਿੱਖ ਬਿਨਾ ਖਬਰ ਤੇ ਆਪ ਕੋ ਨਿਰਮਲੇ ਨਹੀਂ ਸਮਝਤੇ।

ਜਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੰਘ ਪੰਥ ਪ੍ਰਗਟ ਕੀਯਾ ਹੈ ਤਬ ਜੈਸੇ ਈਸ਼੍ਵਰ ਕ੍ਰਿਤ ਸ੍ਰਿਸ਼ਟੀ ਤੀਨ ਪ੍ਰਕਾਰ ਕੀ ਹੈ ਤੈਸੇ ਗੁਣੋਂ ਕੇ ਪ੍ਰਭਾਵ ਸੈਂ ਪੰਥ ਖਾਲਸਾ ਭੀ ਤੀਨ ਪ੍ਰਕਾਰ ਕਾ ਹੋਤਾ ਭਯਾ, ਜਿਨ ਮੈਂ ਅਧਿਕ ਸਤੋਗੁਣ, ਗੌਣ, ਰਜੋ ਤੇ ਤਮੋ ਗੁਣ ਥਾ, ਸੋ ਨਿਰਮਲੇ ਸਿੰਘ ਹੋਏ ਜਿਨ ਮੈਂ ਅਧਿਕ ਰਜੋਗੁਣ, ਗੌਣ ਸਤੋ ਤਮੋ ਗੁਣ ਰਹਾ ਓਹ ਗ੍ਰਿਹਸਥੀ ਪੁਜਾਰੀ



Digitized by Panjab Digital Library | www.panjabdigilib.org

ਨਿਰਮਲੇ ਸਿੰਘ ਹੋਏ। ਜਿਨ ਮੇਂ ਅਧਿਕ ਤਮੋਂ ਗੁਣ ਗੌਣ ਸਤੋ ਰਜੋ ਗੁਣ ਰਹਾ ਸੋ ਨਿਰਮਲੇ ਨਿਹੰਗ ਸਿੰਘ ਜੁੱਧ ਜੰਗ ਕੇ ਧਨੀ ਹੋ ਤੇ ਭਏ। ਯੱਦਜਪਿ ਤੀਨੋਂ ਪ੍ਰਕਾਰ ਕੇ ਪੰਥ ਮੈਂ ਆਸ਼ਾ, ਇਸ਼ਟ, ਉਪਾਸ਼ਨਾ, ਗੁਰੂ ਮੰਤ੍ਰ, ਅੰਮ੍ਰਿਤ ਛਕਣੇ ਦੀ ਰੀਤੀ, ਗੁਰੂ ਗ੍ਰੰਥ ਸਾਹਿਬ ਜੀ ਕਾ ਮੰਨਣਾ, ਪੂਜਣਾਂ, ਸਿੰਘ ਨਾਮ, ਕੇਸ ਰੱਖਣੇ, ਕੁੱਠੇ, ਤਮਾਕੂ, ਮੁਸਲੀ ਕਾ ਤਜਾਗ, ਕੱਛ ਕ੍ਰਿਪਾਨ ਦੀ ਰਹਿਤ, ਗੁਰੂ ਸਿੱਖੀ ਕੀ ਮਰਯਾਦਾ, ਸਭ ਏਕ ਜੈਸੀ ਹੈ ਪ੍ਰੰਤੂ ਖਾਨ ਪਾਨ ਪਹਿਰਾਨ ਗੁਫਤਾਰ, ਦਸਤਾਰ, ਰਫਤਾਰ, ਆਚਾਰ, ਬਿਹਾਰ ਮੈਂ ਜੋ ਕੁਛ ਕੁਛ ਫਰਕ ਹੈ ਸੋਈ ਭੇਦ ਹੈ ਔਰ ਕੋਈ ਭੇਦ ਨਹੀ।

ਨਿਰਮਲੇ ਸਾਧੂ ਬੇਦ ਬਿੱਦਜਾ, ਸੰਸਕ੍ਰਿਤ, ਫਾਰਸੀ, ਅੰਗ੍ਰੇਜ਼ੀ ਪੜ੍ਹਦੇ ਹੈਂ ਨਿਹੰਗ ਸਿੰਘ ਨਹੀਂ ਪੜ੍ਹਦੇ। ਨਿਰਮਲੇ ਮੰਜੀਠੀ, ਸੰਧੂਰੀ, ਗੇਰੂਆ ਰੰਗ ਪਹਿਰਤੇ ਹੈਂ ਨੀਲ ਰੰਗ ਨਹੀਂ ਪਹਿਰਤੇ, ਨਿਹੰਗ ਸਿੰਘ ਨੀਲ ਰੰਗ ਪਹਿਰਤੇ ਹੈਂ ਕਖਾਇ ਨਹੀਂ ਪਹਿਰਤੇ ਨਿਰਮਲੇ ਸਾਧੂ ਮਾਸ ਮਦਰਾ ਨਹੀਂ ਛਕਤੇ ਨਿਹੰਗ ਸਿੰਘ ਛਕਤੇ ਹੈਂ। ਨਿਰਮਲੇ ਗੁਰੂ ਦੇਵਤਾ ਕੇ ਮੰਦਰ ਕੀ ਸੀਧੀ ਪ੍ਰਕਰਮਾ ਸ਼ਾਸ਼ਤ੍ਰ ਅਨੁਸਾਰ ਕਰਤੇ ਹੈਂ ਨਿਹੰਗ ਸਿੰਘ ਉਲਟੀ ਪਰਦੱਖਣਾ ਲੇਤੇ ਹੈਂ। ਨਿਰਮਲੇ ਸੀਧੇ ਸਾਦੇ ਸਾਫੇ,ਦਸਤਾਰੇ ਪਹਿਰਤੇ ਹੈਂ ਨਿਹੰਗ ਸਿੰਘ ਚੱਕ੍ਰ ਖੰਡੇ ਕਰਦਾਂ ਜ਼ੰਜੀਰਾਂ ਸਹਿਤ ਜੰਗ ਕੇ ਸੰਜੋਏ ਊਚੇ *ਦਮਾਲੇ ਰਖਤੇ ਹੈਂ। ਇਤਜਾਦਿਕ ਆਚਾਰ ਬਿਹਾਰ ਬੋਲ ਚਾਲ ਮੈਂ ਨਿਰਮਲੇ ਨਿਹੰਗੋਂ ਕਾ ਫਰਕ ਹੈ ਹੋਰ ਕੋਈ ਫਰਕ ਨਹੀਂ। ਬਾਕੀ ਹੋਰ ਸਬੀ ਗ੍ਰਿਹਸਥੀ ਪੁਜਾਰੀ ਸਿੰਘ ਤੋ ਸਬ ਕੇ ਸਾਂਝੇ ਹੈਂ। ਸਭੀ ਸਿੱਖ ਸਾਧੂਓਂ ਕੀ ਸੇਵਾ ਕਰਨੀ ਗ੍ਰਿਹਸਥੀਓਂ ਕਾ ਧਰਮ ਹੈ। ਸਿੰਘ ਨਾਮ, ਕੇਸ ਰੱਖਣੇ, ਕੁੱਠਾ, ਮੁਸਲੀ, ਤਮਾਕੂ ਨਾਂ ਬਰਤਨਾ ਇਹ ਜੋ ਮੁਖਜ ਮ੍ਰਯਾਦ ਹੈ ਸੋ ਤਾਂ ਨਿਰਮਲੇ, ਨਿਹੰਗ ਸਿੰਘ, ਗ੍ਰਿਹਸਥੀ,

*ਊਚੇ ਦਮਾਲੇ ਨੈਣਾ ਸਿੰਘ ਸੇ ਚਲੇ ਹੈਂ ਯਾਹੀ ਤੇ ਨੈਣਾ ਸਿੰਘੀਏ ਦਮਾਲੇ ਬੋਲੇ ਜਾਤੇ ਹੈਂ ਪਹਿਲੇ ਨਹੀਂ ਥੇ



Digitized by Panjab Digital Library | www.panjabdigilib.org

ਪੁਜਾਰੀ ਸਭੀ ਸਿੰਘ ਏਕ ਜੈਸੀ ਰਖਤੇ ਹੈਂ ।

ਕੱਛ ਕ੍ਰਿਪਾਨ ਕਾ ਗ੍ਰਹਣ, ਪਾਂਚ ਮੇਲ ਕਾ ਤਯਾਗ ਕੁੜੀ, ਨੜੀਮਾਰ ਸੈਂ ਨਾ ਬਰਤਨਾ, ਏਹ ਸ਼ਰਾ ਜੈਸੇ ਹੋਰ ਸੁਫੇਦਪੋਸ਼ ਕੋਈ ਰਖਤੇ ਹੈਂ ਕੋਈ ਨਹੀਂ ਰਖਤੇ ਤੈਸੇ ਨਿਰਮਲੇ ਸਾਧੂ ਭੀ ਕੋਈ ਰਖਤੇ ਹੈਂ ਕੋਈ ਨਹੀਂ ਰਖਤੇ। ਜਿਸ ਸ਼ਰਾ ਕੀ ਨਿਸ਼ਾਨੀ ਤੇ ਬਿਨਾ ਆਪਣੇ ਭਾਈਚਾਰੇ ਔਰ ਧਰਮ ਤੇ ਖਾਰਜ ਹੋ ਜਾਵੇ ਓਹ ਮੁੱਖਜ ਸ਼ਰਾ ਕਹਾਵਤੀ ਹੈ, ਜਿਸਤੇ ਬਿਨਾ ਖਾਰਜ ਨਾ ਹੋ ਸਕੇ ਓਹ ਗੌਣ ਸ਼ਰਾ ਹੈ । ਜੈਸੇ ਬ੍ਰਾਹਮਣ ਛੱਤ੍ਰੀ ਬਣਨੇ ਦੇ ਵਕਤ ਬ੍ਰਹਮਚਾਰੀ ਕਾ ਵੇਸ਼ ਕਾਖਾਇ ਬਸਤ੍ਰ, ਮ੍ਰਿਗਛਾਲਾ, ਬਿਭੂਤੀ, ਮੁੰਜ ਕੀ ਤੜਾਗੀ, ਧੋਤੀ, ਜਨੇਊ, ਬੋਦੀ ਧਾਰਣ ਕਰ ਭੀਖ ਮਾਂਗ ਕੇ ਬ੍ਰਾਹਮਣ ਛੱਤ੍ਰੀ ਬਣਤੇ ਹੈਂ ਫਿਰ ਨਹੀਂ ਰਖਤੇ ਕੇਵਲ ਜਨੇਊ, ਬੋਦੀ ਰਖਤੇ ਹੈਂ ਕਾਹੇ ਤੈ ਇਨ ਸੈਂ ਬਿਨਾ ਬ੍ਰਾਹਮਣ, ਛੱਤ੍ਰੀ ਨਹੀਂ ਰਹ ਸਕਤਾ ਹੋਰਨਾ ਚਿੰਨ੍ਹਾਂ ਤੇ ਬਿਨਾ ਬ੍ਰਾਮਣ, ਛੱਤ੍ਰੀ ਬਣਾ ਰਹਤਾ ਹੈ ਤਾਂਤੇ ਜਨੇਊ, ਚੋਟੀ ਰੱਖਣੇ ਮੁੱਖਜ ਸ਼ਰਾ ਹੈ ਧੋਤੀ, ਤਿਲਕ ਆਦੀ ਰੱਖਣੇ ਗੌਣ ਹੈਂ । ਤੈਸੇ ਸਿੰਘ ਬਣਨੇ ਕੇ ਵਕਤ ਭੀ ਕੱਛ, ਕ੍ਰਿਪਾਨ, ਸੁਕਲ ਬਸਤ੍ਰ, ਕੇਸ, ਕੰਘਾ, ਕੜਾ, ਸਿੰਘ ਨਾਮ ਰਖਾਇ ਕੇ ਕੁੱਠੇ, ਮੁਸਲੀ, ਤਮਾਕੂ ਪਾਂਚ ਮੇਲ ਕਾ ਤਯਾਗ ਵਗੈਰੇ ਬਹੁਤ ਕੁਛ ਧਾਰਣ ਕਰਾਯਾ ਜਾਤਾ ਹੈ । ਤਿਸ ਮੈਂ ਸੇ ਏਕ ਸਿੰਘ ਨਾਮ ਕੇਸ ਰੱਖੇ ਬਿਨਾ ਤੇ ਸਿੰਘੀ ਧਰਮ ਸੇ ਖਾਰਜ ਹੋ ਸਕਤਾ ਹੈ ਔਰ ਕੱਛ, ਕ੍ਰਿਪਾਨ, ਕੜਾ ਰੱਖੇ ਬਿਨਾ ਔਰ ਪਾਂਚ ਮੇਲ ਕੇ ਤਯਾਗ ਬਿਨਾ ਅਪਣੇ ਧਰਮ ਔਰ ਮਜ਼ਹਬ ਸੇ ਖਾਰਜ ਨਹੀਂ ਹੋ ਸਕਤਾ ਹੈ। ਥੋੜਾ ਤਨਖਾਹੀ ਹੋਤਾ ਹੈ। ਔਰ ਕੁੱਠਾ, ਤਮਾਕੂ, ਮੁਸਲੀ ਬਰਤ ਨੇ ਅਧਿਕ ਤਨਖਾਹੀਯਾ ਹੋਤਾ ਹੈ। ਤਾਂਤੇ ਕੱਛ ਕ੍ਰਿਪਾਨਾਦੀ ਗੌਣ ਔਰ ਸਿੰਘ ਨਾਮ ਕੇਸ ਰੱਖਣੇ ਮੁੱਖਜ ਸ਼ਰਾ ਹੈ ਮੁੱਖਜ ਸ਼ਰਾ ਕਦੀ ਭੀ ਕਿਸੇ ਕੇ ਛੋੜਨੇ ਯੋਗਯ ਨਹੀਂ ਗੌਣ ਸ਼ਰਾ ਜਿਤਨੀ ਰੱਖੀ ਜਾਇ ਉਤਨੀ ਚੰਗੀ ਹੈ ॥ ਅਥ ਸਾਖੀ ਪ੍ਰਸੰਗ ਲਿਖਯਤੇ ॥ ਜਬ ਸ੍ਰੀ ਗੁਰੂ



Digitized by Panjab Digital Library | www.panjabdigilib.org

ਦਸਮੇਂ ਪਾਤਸ਼ਾਹ ਕੇ ਜੋਤੀ ਜੋਤਿ ਸਮਾਉਣੇ ਪੀਛੇ ਸਬ ਸਿੰਘ ਉਦਾਸ ਹੋਕੇ ਅਬਚਲ ਨਗਰ ਸੇ ਪੰਜਾਬ ਕੋ ਚਲੇ ਆਏ, ਉਸ ਵਕਤ ਜੋ ਸਿੰਘ ਰਾਜ ਸਾਜ ਦੀ ਇੱਛਜਾ ਵਾਲੇ ਥੇ ਸੋ ਤਾਂ ਬੰਦੇ ਸਾਥ ਸ਼ਾਮਲ ਲਸ਼ਕਰ ਖਾਲਸੇ ਕੇ ਜੱਧ ਜੰਗ ਕਰਨੇ ਮੇਂ ਤਤਪਰ ਹੋ ਗਏ ਸੋ ਪ੍ਰਸੰਗ ਪੰਥ ਪ੍ਰਕਾਸ਼ ਮੇਂ ਪ੍ਰਸਿੱਧ ਹੈ। ਜੇਹੜੇ ਸਿੰਘ ਸਤੋ ਗੁਣੀ ਵਿਚਾਰਸ਼ੀਲ ਸੰਸਾਰ ਦੇ ਬਖੇੜੇ ਝੇੜੇ ਕਰਨੇ ਨਹੀਂ ਚਾਂਹੁਦੇ ਥੇ ਓਹ ਸਤਸੰਗ ਮੈਂ ਨਿਰਬਾਹ ਕਰਣੇ ਦੀ ਇੱਛਜਾ ਧਾਰ ਕੇ ਭਾਈ ਦਰਬਾਰਾ ਸਿੰਘ, ਸੈਣਾ ਸਿੰਘ, ਦੀਪ ਸਿੰਘ, ਚਾਨਣਾ ਸਿੰਘ, ਪੰਜਾਬ ਸਿੰਘ, ਮੁਹਰ ਸਿੰਘ, ਕਰਮ ਸਿੰਘ, ਗੰਡਾ ਸਿੰਘ, ਰਾਮ ਸਿੰਘ, ਬੀਰ ਸਿੰਘ, ਸੇਵਾ ਸਿੰਘ, ਸਮੀਰ ਸਿੰਘ, ਚੰਦਨ ਸਿੰਘ ਆਦਿਕ ਸਾਹਿਬ ਰਾਮ ਕੌਰ ਜੀ ਕੇ ਪਾਸ ਸੰਮਤ ੧੭੭੬ ਮੇਂ ਰਵਿਦਾਸਪੁਰੇ ਜਾਤੇ ਭਏ। ਭਾਈ ਗੁਰਬਖਸ਼ ਸਿੰਘ ਜੀ ਨੇ ਉਨ ਕੋ ਸਤਸੰਗ ਦੇ ਗ੍ਰਾਹਕ ਗਜਾਨ ਕੇ ਚਾਹਕ ਸਮਝ ਕੇ ਆਦਰ ਸਾਥ ਅਪਨੇ ਪਾਸ ਟਿਕਾਇ ਲੀਯਾ ਔਰ ਦਸੋ ਗੁਰੂ ਸਾਹਿਬੋਂ ਕੇ ਜੀਵਨ ਚਰਿਤ੍ਰ ਪਰਮ ਪਵਿਤ੍ਰ ਸੁਣਾਵਤੇ ਸੁਣਤੇ ਰਹੇ। ਕਾਹੇ ਤੇ ਏਕ ਤੋ ਉਨਕੇ ਘਰ ਮੇਂ ਦਸੋ ਗੁਰੂ ਸਾਹਿਬੋਂ ਕੀ ਵਜ਼ੀਰੀ ਰਹੀ ਥੀ ਦੂਸਰੇ ਓਹ ਆਪ ਤ੍ਰਿਕਾਲ ਦਰਸੀ ਥੇ, ਤੀਸਰੇ ਉਨ ਕੋ ਦਸਮੇਂ ਗੁਰੂ ਕਾ ਬਰ ਥਾ ਕਿ ਜਬ ਤੁਮ ਚਾਹੋਗੇ ਤਬ ਹਮ ਤੁਮ ਕੋ ਸ਼ਿਕਾਰ ਮੈਂ ਦਰਸ਼ਨ ਦੀਯਾ, ਕਰੇਂਗੇ ਇਸ ਲੀਏ ਉਨ ਕੋ ਗੁਰੂ ਘਰ ਕੇ ਕਥਾ ਪ੍ਰਸੰਗ ਸਰਬ ਪ੍ਰਗਟ ਥੇ ਬਲਕੇ ਉਨ ਕੀ ਕਥਨ ਕਰੀ ਹੂਈ ਬੇਸ਼ੁਮਾਰ ਸਾਖੀਆਂ ਵਿੱਚੋਂ ਗੁਰ ਬਿਲਾਸ ਗੁਰੁ ਪ੍ਰਤਾਪ ਸੂਰਜ ਪ੍ਰਕਾਸ਼ ਆਦਿਕ ਅਨੇਕ ਪੁਸਤਕ ਬਨੇ ਹੈਂ ਤੋ ਭੀ ਉਨਕੀ ਸਾਖੀਓਂ ਕਾ ਅੰਤ ਕਿਸੀ ਨੇ ਨਹੀਂ ਪਾਯਾ॥ ਅਬ ਕਥਾ ਪ੍ਰਸੰਗ ॥ (ਸਾਖੀ ੧)

ਏਕ ਰੋਜ ਭਾਈ ਦਰਵਾਰਾ ਸਿੰਘ ਜੀ ਨੇ ਸਾਹਿਬ ਰਾਮ ਕੌਰ ਆਗੇ ਬੈਨਤੀ ਕਰੀ, ਹੇ ਭਗਵਨ! ਜੋ ਕੇਸਾਧਾਰੀ ਸਿੰਘ ਸੰਸਾਰ ਦੇ ਕਾਰ ਬਿਹਾਰ ਸੇ ਗਿਲਾਨੀ ਧਾਰ ਕੇ, ਸਾਧੂ ਹੋਨਾ ਚਾਹੇ ਸੋ ਕਿਸ ਪੰਥ ਮੈਂ ਸੰਤ ਹੋਵੇ। ਇਹ



Digitized by Panjab Digital Library | www.panjabdigilib.org

ਪ੍ਰਸ਼ਨ ਸੁਣ ਕੇ ਭਾਈ ਸਾਹਿਬ ਜੀ ਨੇ ਫੁਰਮਾਯਾ, ਹੇ ਖਾਲਸਾ ਜੀ! ਯੱਦਯਪਿ ਸੰਨਯਾਸੀ, ਉਦਾਸੀ ਆਦਿਕ ਸਭੀ ਪੰਥ ਪਰਮ ਪਦ ਕੋ ਪ੍ਰਾਪਤ ਕਰਨੇ ਵਾਲੇ ਹੈਂ ਜੈਸੇ ਸਭੀ ਬੇੜੇ ਦਰਯਾਉ ਸੇ ਪਾਰ ਉਤਾਰ ਦੇਤੇ ਹੈਂ ਪਰੰਤੂ ਕੇਸਾਧਾਰੀ ਸਿੰਘ ਕੋ ਸਿਵਾਇ ਨਿਰਮਲ ਪੰਥ ਖਾਲਸੇ ਕੇ ਹੋਰ ਕਿਸੀ ਭੇਖ ਪੰਥ ਮੇਂ ਸਾਧੂ ਹੋਣਾ ਨਹੀਂ ਚਾਹੀਏ।ਕਾਹੇ ਤੇ ਹੋਰ ਭੇਖੋਂ ਪੰਥੋਂ ਮੇਂ ਕੇਸਾਂ ਦੀ ਬੇਅਦਬੀ ਹੋਣੇ ਕਰ ਸਿੰਘ ਦਾ ਸਿੰਘੀ ਧਰਮ ਨਸ਼ਟ ਹੋ ਜਾਂਦਾ ਹੈ। ਜਿਸਦਾ ਧਰਮ ਗਯਾ ਉਸ ਦਾ ਜਪ ਤਪ ਨਿਸਫਲ ਹੈ। ਯਥਾ "ਏਕ ਛੋਡ ਦੂਜੇ ਲਗੇ ਡੂੱਬੇ ਸੇ ਵਣਜਾਰਿਆ"।

ਦੂਸਰੇ ਮਾਸ, ਮਦਰਾ, ਤਮਾਕੂ, ਮੁਸਲੀ ਆਦਿਕ ਜਿਨਕੀ ਬਰਤਨ ਖਾਲਸੇ ਮੇਂ ਨਿਖੇਧੀ ਗਈ ਹੈ, ਓਹ ਕੋਈ ਨਿਰਮਲ ਪੰਥ ਮੇਂ ਨਹੀਂ ਬਰਤੀ ਜਾਂਦੀ।

ਤੀਸਰੇ ਜੋਗੀ ਸੱਨਯਾਸੀ ਆਦਿਕ ਭੇਖੋਂ ਮੇਂ ਜੈਸੇ ਅਗਯਾਨ ਕ੍ਰਿਤ ਚਿੰਨ੍ਹ ਔਰ ਪੰਚਾਗਨੀ ਆਦਿਕ ਤਮੋ ਗੁਣੀ ਤਪ ਕਰ ਕੇ ਜੋ ਕਸ਼ਟ ਸਹਾਰਤੇ ਹੈਂ ਸੋ ਨਿਰਮਲ ਪੰਥ ਮੇਂ ਨਹੀਂ ਕਯੋਂਕਿ ਇਸ ਪੰਥ ਮੇਂ ਸਮਦਮਾਦੀ ਅਤੀ ਉੱਤਮ ਸਤੋ ਗੁਣੀ ਤਪ ਔਰ ਸਤ ਸ਼ਾਸਤ੍ਰ ਕੇ ਵੀਚਾਰ ਕਰਨੇ ਕਾ ਪ੍ਰਚਾਰ ਬਹੁਤ ਹੈ।

ਚੌਥੇ ਜੈਸੇ ਸਾਧੂ ਕੋ ਹੋਰਨਾ ਪੰਥਾਂ ਵਿੱਚ ਗ੍ਰਿਹਸਥ ਕਰਨੇ ਕਾ ਅਤੀ ਦੋਸ਼ ਲਿਖਾ ਹੈ ਤੈਸੇ ਨਿਰਮਲ ਪੰਥ ਮੇਂ ਦੋਸ਼ ਨਹੀਂ। ਉਦਯਾਲਕ ਰਿਖੀ ਕੀ ਨਯਾਈਂ,ਪਹਿਲੇ ਬ੍ਰਹਮਚਰਯ ਧਰਮ ਕੋ ਧਾਰਣ ਕਰ ਵਿੱਦਯਾ ਪੜ੍ਹਕੇ ਫਿਰ ਬੇਸ਼ਕ ਗ੍ਰਿਹਸਥ ਕਰ ਲੇਵੇ ਔਰ ਸੁੰਦ੍ਰ ਸ਼ਸਤ੍ਰ ਬਸਤ੍ਰ ਜੇਵਰ ਪਹਿਨ ਕੇ ਨੌਕਰੀ ਬਯਾਪਾਰ ਕਰੈ ਤੋ ਭੀ ਅਧਿਕ ਐਬ ਨਹੀਂ।

ਪੰਜਮੇਂ ਜੈਸੇ ਹੋਰਨਾ ਭੇਖਾਂ ਵਾਲੇ ਲਿੰਗ ਕਾਨ ਚੋਟੀ ਕਟਵਾ ਕੇ ਲੁੰਜਿਤ ਮੁੰਡਿਤ ਹੋ ਕਰ ਪਰਮੇਸ਼ੁਰ ਕੀ ਰਚਨਾ ਮਿਟਾ ਕਰ ਅਪਨੀ ਬਨਾਵਟੀ ਸ਼ਰਾ



Digitized by Panjab Digital Library | www.panjabdigilib.org

ਚਲਾਇ ਕੇ ਦੋਸ਼ ਕੇ ਭਾਗੀ ਹੋਤੇ ਹੈਂ ਯਥਾ "ਸਾਬਤ ਸੂਰਤ ਮਰਦਕੀ ਭੰਨੇ ਬੇਈਮਾਨ" ਭਾਈ ਗੁਰਦਾਸ ਜੀ ਦੇ ਇਸ ਬਚਨ ਅਨੁਸਾਰ ਔਰ "ਅਲਮਲ ਖਾਈ ਸਿਰ ਛਾਈ ਪਾਈ। ਮੂਰਖ ਅੰਧੇ ਪਤਿ ਗਵਾਈ।" "ਮੂੰਡ ਮੁੰਡਾਇ ਜੇ ਸਿਧਿ ਪਾਈ। ਮੁਕਤੀ ਭੇਡ ਨ ਗਈਆ ਕਾਈ।" ਇਤਯਾਦਿਕ ਗੁਰੂ ਕੇ ਬਚਨੋਂ ਤੈ ਨਿਸਚਯ ਹੋਤਾ ਹੈ ਕਿ ਜੈਸੇ ਰਾਜ ਕੀ ਆਗਯਾ ਔਰ ਕ੍ਰਿਤ ਮੇਟਨੇ ਵਾਲੇ ਪੁਰਖ ਕੋ ਹੁਕਮ ਨ ਮੰਨਣੇ ਦੇ ਬਦਲੇ ਰਾਜਾ ਡੰਡ ਦੇਤਾ ਹੈ ਤੈਸੇ ਪਰਮੇਸ਼ੂਰ ਕੀ ਰਚਨਾ ਅਤੇ ਆਗਯਾ ਭੰਗ ਕਰਨ ਵਾਲੇ ਭੀ ਡੰਡ ਪਾਵਤੇ ਹੈਂ। ਓਹ ਡੰਡ ਨਿਰਮਲ ਪੰਥ ਮੈਂ ਆਵਣੇ ਵਾਲੇ ਕੋ ਨਹੀਂ ਹੋਤਾ। ਕਾਹੇ ਤੈ ਹੋਰ ਸਬ ਭੇਖ ਪੰਥ ਆਦਮੀਓਂ ਕੇ ਕਹਾਵਤੇ ਹੈਂ ਏਹ ਪੰਥ ਖਾਸ ਪਰਮੇਸ਼ੂਰ ਕਾ ਹੈ ਇਸੇ ਵਾਸਤੇ ਇਸ ਦਾ ਨਾਮ ਖਾਲਸਾ ਪੰਥ ਹੈ। ਖਾਸ ਵਸਤੁ ਕੋ ਖਾਲਸਾ ਕਹਿਤੇ ਹੈਂ ਜੈਸੇ ਸਰਕਾਰੋਂ ਮੈਂ ਬਹੁਤ ਪ੍ਰਕਾਰ ਦੀ ਆਮਦਨੀ ਵਿੱਚੋਂ ਖਾਸ ਜਮੀਨ ਦੀ ਆਮਦਨੀ ਦਾ ਨਾਮ ਖਾਲਸਾ ਲਿਖਤੇ ਹੈਂ ਔਰ ਸੁੱਧ ਵਸਤੁ ਕੋ ਖਾਲਸਾ ਕਹਿਤੇ ਹੈਂ ਅਤੇ ਖੁਲਾਸੇ ਦਾ ਨਾਮ ਭੀ ਖਾਲਸਾ ਹੈ। ਗੁਰੂ ਸਾਹਿਬ ਨੇ ਕੋਈ ਬੰਧਨ ਜਨੇਊ ਕੰਠੀ ਤਿਲਕ ਆਦਿਕ ਨਹੀਂ ਰਖਾਯਾ ਔਰ ਨਾ ਕੋਈ ਬਨਾਵਟੀ ਚਿੰਨ੍ਹ ਬਨਾਯਾ ਹੈ। ਕੱਛ ਕਦੀਮੀ ਛੱਤ੍ਰੀਓਂ ਕਾ ਬਾਣਾ ਅਤਿ ਉੱਤਮ ਪੜਦਾ ਹੈ। ਕੇਸ ਹਮੇਸ਼ ਰਿਖੀ ਮੁਨੀ ਛੱਤ੍ਰੀ ਰਾਜੇ ਰਖਤੇ ਰਖਤੇ ਰਹੇ ਹੈਂ। ਦੇਵ ਪਿੱਤ੍ਰੀ ਜਗਯ ਪਿੰਡ ਦਾਨਾਦਿ ਕਰਮ ਧਰਮ ਮੈਂ ਭੀ ਕੇਸਾਂ ਵਾਲੇ ਕਾ ਅਧਿਕਾਰ ਹੈ ਚੋਟੀਹੀਨ ਕਾ ਨਹੀਂ। ਏਸੇ ਵਾਸਤੇ ਗੁਰੂ ਜੀ ਨੇ ਸਰਬ ਪ੍ਰਕਾਰ ਬੇ-ਐਬ ਜਟਾ ਜੂਟ ਅਕਾਲ ਪੁਰਖ ਕਾ ਪੰਥ ਸਾਜਿਆ ਹੈ, ਅਪਣਾ ਦਾਵਾ ਨਹੀਂ ਰੱਖਯਾ। ਅਰਦਾਸ ਕਰਨ ਦੇ ਵਕਤ ਭੀ "ਸੱਤ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ" ਬੋਲਯਾ ਜਾਂਦਾ ਹੈ। ਤਾਂਤੇ ਜਿਸ ਬਡਭਾਗੀ ਪੁਰਖ ਕੋ ਸੰਸਾਰ ਤੇ ਵੈਰਾਗਯ ਹੋਵੇ। ਸੋ ਨਿਰਮਲ ਪੰਥ ਖਾਲਸੇ ਮੈਂ ਸੰਤ ਬਾਣਾ ਸਤੋ ਗੁਣੀ ਧਾਰ ਕੇ "ਆਪ ਤਰੈ ਅਵਰਹਿ



Digitized by Panjab Digital Library | www.panjabdigilib.org

ਨਿਸਤਾਰੈ" । ਪੁਨਹ "ਗੁਰਮੁਖ ਇੱਕੀ ਕੁਲਾ ਤਰਾਵੈ" ਇਨ੍ਹਾਂ ਬਚਨਾ ਕਾ ਅਧਿਕਾਰੀ ਹੋ ਕਰ ਸੱਤਜ ਸਾਸ਼ਤ੍ਰ ਕਾ ਬੀਚਾਰ ਸਤਸੰਗ ਭਗਤੀ ਕਰਤਾ ਹੂਆ ਅਪਨਾ ਜਨਮ ਸਫਲ ਕਰ ਲੇਵੇ। ਪਿਛਲਾ ਪ੍ਰਸੰਗ ਸੁਣਕੇ ਭਾਈ ਗੰਡਾ ਸਿੰਘ ਜੀ ਨੇ ਪ੍ਰਸ਼ਨ ਕੀਤਾ, ਹੇ ਭਗਵਨ ! ਕੇਵਲ ਸਿੰਘ ਨਾਮ ਵਾਲਾ ਪੰਥ ਅਕਾਲ ਪੁਰਖ ਕਾ ਖਾਲਸਾ ਕਹਾਵਤਾ ਹੈ ਹੋਰ ਉਦਾਸੀ ਆਦਿਕ ਪੰਥ ਭੀ ਗੁਰੂ ਕੇ ਹੈਂ ਸੋ ਖਾਲਸਾ ਕਯੋਂ ਨਹੀਂ ਕਹਾਵਤੇ ? ਏਹੁ ਪ੍ਰਸ਼ਨ ਸੁਣ ਕੇ ਸਾਹਿਬ ਰਾਮ ਕੌਰ ਜੀ ਬੋਲੇ, ਹੇ ਭਾਈ ਸਿੱਖੋ ! ਉਦਾਸੀ ਆਦਿਕ ਹੋਰ ਸਭ ਪੰਥ ਪਰਮਪਰਾ ਗੁਰੂ ਕੇ ਹੈਂ ਨਿਰਮਲ ਪੰਥ ਸਾਖਜਾਤ ਖਾਸ ਗੁਰੂ ਸਾਹਿਬੋਂ ਕਾ ਹੈ। ਪਹਿਲੇ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਅੰਗਦ ਜੀ ਕੋ ਸਰਬ ਪ੍ਰਕਾਰ ਲਾਯਕ ਪ੍ਰੀਖਯਾ ਕਰਕੇ ਅਪਣੀ ਗੱਦੀ, ਗੁਰਿਆਈ ਔਰ ਜੋਤ ਅਤੇ ਅਪਣਾ ਨਿਰਮਲ ਵੇਸ ਦੇ ਕਰ ਉਨ ਕੌ ਜਗਤ ਗੁਰੂ ਬਨਾਯਾ। ਫਿਰ ਗੁਰੂ ਅੰਗਦ ਜੀ ਅਪਨੇ ਸਮਾਨ ਅਮਰ ਦਾਸ ਜੀ ਕੋ ਬਨਾਵਤੇ ਭਏ। ਐਸੇ ਹੀ ਦਸਵੇਂ ਗੁਰੂ ਪ੍ਰਯੰਤ ਰੀਤੀ ਚਲੀ ਆਈ। ਪੁਨਹ ਗੁਰੂ ਦਸਮੇਂ ਪਾਤਸ਼ਾਹ ਜੀ ਨੇ ਪਹਿਲੇ ਪੰਜਾਂ ਪਯਾਰਯਾਂ ਦ੍ਵਾਰਾ ਫੇਰ ਚਮਕੌਰ ਸਾਹਿਬ ਮੈਂ ਸੰਤ ਸਿੰਘ ਜੀ ਦ੍ਵਾਰਾ ਅਪਨਾ ਨਿਰਮਲ ਵੇਸ ਔਰ ਅਪਨੀ ਸ਼ਕਤੀ, ਗੱਦੀ, ਗੁਰਿਯਾਈ ਅਪਨੇ ਪੰਥ ਮੈਂ ਅਸਥਾਪਨ ਕਰੀ ਹੈ। ਇਸ ਪ੍ਰਕਾਰ ਦਸੋ ਗੁਰੂ ਸਾਹਿਬੋਂ ਕੀ ਜੋਤ ਅਤੇ ਗੱਦੀ, ਗੁਰਿਯਾਈ ਔਰ ਦਸੋ ਗੁਰੂਓਂ ਕਾ ਨਿਰਮਲ ਵੇਸ ਪੰਥ ਖਾਲਸੇ ਮੈਂ ਇਸਥਿਤ ਹੋਣੈ ਤੇ ਏਹੁ ਪੰਥ ਸਾਖਜਾਤ ਖਾਸ ਗੱਦੀ ਨਸ਼ੀਨ ਗੁਰੂ ਸਾਹਿਬੋਂ ਕਾ ਹੈ ਔਰ ਉਦਾਸੀ ਚਾਰ ਧੂੰਏ ਵਾਲੇ ਸ੍ਰੀ ਚੰਦ ਜੀ ਕਾ ਪੰਥ ਹੈ। ਭਗਤ ਭਗਵਾਨ ਕੇ ਉਦਾਸੀ ਸੰਤ ਬਾਬੇ ਧਰਮ ਚੰਦ ਜੀ ਕੇ ਹੈਂ। ਸੰਗਤ ਸਾਹਿਬ ਕੇ ਸਾਧੂ ਭਾਈ ਫੇਰੂ ਜੀ ਮਸੰਦ ਸੈਂ ਚਲੇ ਹੈਂ। ਜਿਸ ਕੋ ਦਸਮੇਂ ਪਾਤਸ਼ਾਹ ਜੀ ਨੇ ਸੱਚੀ ਦਾੜੀ ਸੰਗਤ ਸਾਹਿਬ ਕਾ ਖਤਾਬ ਦੇ ਕਰ ਅੱਧੀ ਦਸਤਾਰ ਬਖਸ਼ੀ ਥੀ। ਏਸੇ



Digitized by Panjab Digital Library | www.panjabdigilib.org

ਪ੍ਰਕਾਰ ਕੋਈ ਭਾਈ ਮੀਹਾਂ ਸਾਹਿਬ ਕੇ, ਕੋਈ ਬਖਤ ਮੱਲ ਕੇ, ਕੋਈ ਅਜੀਤ ਮੱਲ ਕੇ, ਕੋਈ ਦੱਖਣੀ ਰਾਇ ਕੇ, ਕੋਈ ਭੋਮਣ ਸ਼ਾਹ ਕੇ, ਉਦਾਸੀ ਸੰਤ ਹੈਂ। ਔਰ ਦਿਵਾਨੇ ਸੰਤ ਸੋਢੀ ਮੇਹਰਵਾਨ ਦੇ ਬਰ ਸੈਂ ਹਰੀਏ ਬਾਲੇ ਮਸੰਦ ਕਾ ਪੰਥ ਹੈ। ਸੁਥਰੇ ਫਕੀਰ ਸੁਥਰੇ ਸ਼ਾਹ ਕੇ ਕਹਾਵਤੇ ਹੈਂ। ਔਡਣ ਸ਼ਾਹੀ ਸਾਧੂ ਘਨੱਯਾ ਰਾਮ ਸੈਂ ਚਲੇ ਹੈਂ। ਇਸੀ ਕਾਰਨ ਤੈ ਇਨ ਸਬ ਕੇ ਆਚਾਰ ਬਿਚਾਰ ਗੁਰੂਓਂ ਕੇ ਅਚਾਰ ਬਿਚਾਰ ਸੈਂ ਬਿਲੱਖਣ ਹੈਂ। ਦੇਖੋ ਜੈਸੇ ਕਿਸੀ ਗੁਰੂ ਸਾਹਿਬ ਨੇ ਚੋਟੀ ਨਹੀਂ ਕਟਾਈ ਦਾੜੀ ਕੇਸ ਨਹੀਂ ਮੁੰਡਵਾਏ, ਹੁੱਕਾ, ਤਮਾਕੂ ਨਹੀਂ ਬਰਤਿਆ, ਖਾਕ ਨਹੀਂ ਰਮਾਈ, ਜੰਜੀਰ ਨਹੀਂ ਬੰਧਾਈ, ਖਾਕ ਦਾ ਗੋਲਾ ਨਹੀਂ ਪੂਜਯਾ, ਜਟਾਂ ਨਹੀਂ ਬੰਧਾਈਯਾਂ ਇੱਤਯਾਦਿਕ ਰੀਤੀ ਕਿਸੀ ਗੁਰੂ ਨੇ ਕਦੀ ਨਹੀਂ ਚਲਾਈ। ਉਦਾਸੀ ਆਦਿਕ ਗੁਰੂ ਕੇ ਪੰਥੋਂ ਮੇਂ ਏਹੁ ਸਭ ਰੀੜੀ ਗੁਰੂ ਸਾਹਿਬੋਂ ਕੇ ਚਾਲ ਚਲਨ ਔਰ ਹੁਕਮ ਤੇ ਉਲਟੀ ਦੇਖਣੇ ਮੇਂ ਆਵਤੀ ਹੈ ਬਲਕੇ ਨਾਮ ਭੀ ਗੁਰੂਓਂ ਕੇ ਨਾਮੋਂ ਸੇ ਬਿਪਰਜੈ ਨੰਦ, ਪ੍ਰਕਾਸ਼, ਚੈਤੱਨਯ, ਦੇਵ, ਬ੍ਰਹਮ ਆਦਿਕ ਪਦ ਵਾਲੇ ਕਲਪ ਲੀਏ ਹੈ। ਇਨਹੀ ਕਾਰਣੋਂ ਤੈ ਉਦਾਸੀ ਆਦਿਕ ਹੋਰ ਸਬ ਪੰਥ ਪਰਮਪਰਾ ਗੁਰੂ ਕੇ ਸਮਝੇ ਜਾਤੇ ਹੈਂ। ਨਿਰਮਲ ਪੰਥ ਖਾਲਸਾ ਸਾਖਯਾਤ ਖਾਸ ਗੁਰੂ ਕਾ ਪੰਥ ਹੈ। ਕਾਹੇ ਤੈ, ਜੈਸੇ ਕਦੀ ਕਿਸੇ ਗੁਰੂ ਨੇ ਹੁੱਕਾ, ਤਮਾਕੂ ਨਹੀਂ ਬਰਤਿਆ, ਤੈਸੇ ਖਾਲਸਾ ਨਹੀਂ ਬਰਤਦਾ, ਜੈਸੇ ਕੋਈ ਗੁਰੂ ਚੋਟੀਕਟਾ ਮੁੰਡਿਤ ਨਹੀਂ ਹੂਆ, ਤੈਸੇ ਕੋਈ ਸਿੰਘ ਭੀ ਮੁੰਡਤ ਨਹੀਂ। ਜੈਸੇ ਦਸਮੇਂ ਪਾਤਸ਼ਾਹ ਜੀ ਕਾ ਨਾਮ ਸਿੰਘ ਥਾ ਤੈਸੇ ਨਾਮ ਭੀ ਸਭਨਾ ਦੇ ਸਿੰਘ ਹੈਂ। ਜੈਸੇ ਗੁਰੂ ਸਾਹਿਬ ਬਚਿੱਤ੍ਰ ਪੁਸ਼ਾਕੇ ਅਨੇਕ ਰੰਗਾਂ ਦੇ ਪਹਿਨਦੇ ਰਹੇ ਹੈਂ, ਤੈਸੇ ਨਿਰਮਲ ਪੰਥ ਖਾਲਸੇ ਮੈਂ ਭੀ ਸਭੀ ਰੰਗ ਪਹਿਰੇ ਜਾਤੇ ਹੈਂ। ਜਿਸ ਪੰਥ ਮੈਂ ਗੁਰੂ ਸਾਹਿਬੋਂ ਕੇ ਰਿਵਾਜ ਔਰ ਹੁਕਮ ਅਨੁਸਾਰ ਮ੍ਰਯਾਦਾ ਬਰਤੀ ਜਾਂਦੀ ਹੋਵੇ, ਸੋ ਗੁਰੂ ਕਾ ਖਾਸ ਪੰਥ ਮਾਨਯਾ ਜਾਤਾ ਹੈ। ਜਿਸ ਪੰਥ ਮੈਂ



Digitized by Panjab Digital Library | www.panjabdigilib.org

ਗੁਰੂਓਂ ਕੀ ਮ੍ਰਜਾਦਾ ਨਹੀਂ ਬਰਤੀ ਜਾਂਦੀ ਸੋ ਪਰਮਪਰਾ ਗੁਰੂ ਕਾ ਪੰਥ ਹੈ ।੧॥

ਅਬ ਦੂਸਰੀ ਸਾਖੀ ੨ ॥ ਪਿਛਲੀ ਕਥਾ ਸ੍ਰਵਣ ਕਰਕੇ ਭਾਈ ਦਰਵਾਰਾ ਸਿੰਘ ਜੀ ਨੇ ਪ੍ਰਸ਼ਨ ਕੀਆ, ਹੇ ਭਗਵਨ ! ਜੈਸੇ ਆਪਨੇ ਜੁਗਤੀ ਪੂਰਬਕ ਨਿਰਮਲ ਪੰਥ ਖਾਲਸੇ ਕੋ ਸਾਖਜਾਤ ਖਾਸ ਦਸੋ ਗੁਰੂ ਸਾਹਿਬੋਂ ਕਾ ਸਿੱਧ ਕਰ ਦੇਖਯਾ ਹੈ ਤੈਸੇ ਇਸ ਮੇਂ ਪ੍ਰਮਾਣ ਭੀ ਦੇਖਾਵਣੇ ਚਾਹੀਏ। ਏਹੁ ਪ੍ਰਸ਼ਨ ਸੁਣ ਕੇ ਭਾਈ ਗੁਰਬਖਸ ਸਿੰਘ ਜੀ ਬੋਲੇ, ਹੇ ਖਾਲਸਾ ਜੀ ! ਨਿਰਮਲ ਪੰਥ ਕੇ ਹੋਣੇ ਮੈਂ ਬਹੁਤ ਪ੍ਰਮਾਣ ਹੈਂ ਤਿਨ ਮੇਂ ਸੇ ਕਿੰਚਤ ਸ੍ਰਵਣ ਕਰੋ, ਸੁਣਾਵਤੇ ਹੈਂ ।

ਪ੍ਰਮਾਣ ੧ ॥ ਜਬ ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੀ ਆਗਜਾ ਅਨੁਸਾਰ ਸੁਲਤਾਨ ਪੁਰ ਸੈਂ ਮੋਦੀ ਖਾਨੇ ਕਾ ਕਾਰਬਾਰ ਗ੍ਰਿਹਸਥ ਛੋੜ ਕੇ ਸਨਾਤਨ ਰਿਖੀਆਂ ਮੁਨੀਆਂ ਦਾ ਬਾਣਾ ਮੰਜੀਠੀ ਰੰਗ ਚੋਲਾ ਅੰਚਲਾ ਸੇਲੀ ਟੋਪੀ ਪਹਿਨ ਕਰ ਉਦਾਸੀ ਲੇਤੇ ਭਏ ਹੈਂ ਤਹਾਂ ਕੇ ਪ੍ਰਸੰਗ ਮੈਂ ਭਾਈ ਭਗੀਰਥੀਏ ਨੇ ਸ੍ਰੈ ਕ੍ਰਿਤਬਾਰ ਦੀ ਤੇਤੀਸਵੀਂ ਪੌੜੀ ਮੇਂ ਐਸੇ ਲਿਖਾ ਹੈ–

ਪੌੜੀ "ਬਾਬਾ ਬੇਂਈ ਨਾਇ ਕੇ ਸੱਚਖੰਡ ਮੈਂ ਪਹੁਤਾ ਜਾਈ।
ਬਿਸਨੁ ਦੇਵ ਖੁਸ਼ ਹੋਇਕੈ ਗੁਰੁ ਮੰਤ੍ਰ ਦੈ ਕਲਾ ਬਧਾਈ।
ਟੋਪੀ ਚੋਲਾ ਬਰਣ ਨੈ ਭੇਟਾ ਦੈ ਗਲ ਸੇਲੀ ਪਾਈ।
ਬੇਂਈ ਵਿੱਚੋਂ ਨਿਕਲੇ ਰੰਗ ਮਜੀਠੀ ਬਸਨ ਧਰਾਈ।
ਬੈਠੇ ਕਬਰ ਅਸਥਾਨ ਮੈਂ ਦਰਸ਼ਨ ਕੋ ਉਲਟੀ ਲੋਕਾਈ।
ਵਾਹਗੁਰੂ ਸਤਨਾਮ ਦੈ ਚਾਰ ਬੇਦ ਕੋ ਸਾਚ ਬਤਾਈ।
ਪੜ੍ਹੀ ਨਿਵਾਜ ਮਸੀਤ ਮੈਂ ਦੌਲਤਖਾਂ ਅਜਮਤ ਅਜਮਾਈ।
ਰੀਤਿ ਫਕੀਰੀ ਧਾਰਕੈ ਮਰਦਾਨਾ ਬਾਲਾ ਸੰਗਾਈ।



Digitized by Panjab Digital Library | www.panjabdigilib.org

ਖੰਡ ਬ੍ਰਹਮੰਡੀ ਸੈਲਕਰ ਭਵਜਲ ਤਾਰੀ ਖਲਕ ਸਬਾਈ।
ਨਿਰਮਲ ਪੰਥ ਚਲਾਇਓ ਏਕ ਬਵੇਕ ਭਗਤਿ ਦ੍ਰਿੜਾਈ।
ਸਾਧਨ ਕਠਿਨ ਛੁਡਾਇ ਕੈ ਗੁਰਸਿੱਖੀ ਦੀ ਰੀਤਿ ਚਲਾਈ।
ਕਲਿਜੁਗ ਨਾਨਕ ਕਲਾ ਦਿਖਾਈ।''

ਪ੍ਰਮਾਣ ੨ ।। ਜਨਮ ਸਾਖੀ ਔਰ ਨਾਨਕ ਪ੍ਰਕਾਸ਼ ਦੇ ਅਨੇਕ ਪ੍ਰਸੰਗੋਂ ਮੈਂ ਗੁਰੂ ਨਾਨਕ ਜੀ ਕਾ ਫਕੀਰੀ ਵੇਸ਼ ਲਿਖਾ ਹੈ ਔਰ ਜਹਾਂ ਜਹਾਂ ਜਿਸਕੇ ਸਾਥ ਉਨਕੀ ਗੋਸ਼ਟ ਹੋਤੀ ਰਹੀ ਹੈ ਤਹਾਂ ਨਾਨਕ ਦਰਵੇਸ਼ ਯਾ ਨਾਨਕ ਫਕੀਰ ਯਾ ਨਾਨਕ ਤਪਾ ਇਨਹੀ ਨਾਮੋਂ ਸੇ ਸੰਬੋਧਨ ਕਰਤੇ ਰਹੇ ਹੈਂ। ਬਲਕੇ ਸਸੁਰ ਮੂਲ ਚੰਦ ਔਰ ਗੁਰੂ ਕੀ ਸਾਸੂ ਚੰਦੋ ਰਾਣੀ ਉਨਕੋ ਏਹੀ ਕਹਿਤੇ ਰਹੇ ਹੈਂ ਕਿ ਤੂ ਤੋ ਫਕੀਰ ਬਣ ਕੇ ਦੇਸ ਪਰਦੇਸ ਪੜਾ ਫਿਰਤਾ ਹੈਂ ਅਸਾਡੀ ਬੇਟੀ, ਅਸਾਡੇ ਦੋਹਿਤੇ ਕਿੱਥੇ ਬੈਸਣਗੇ ? ਇਨ੍ਹਾਂ ਦੀ ਗੁਜਰਾਨ ਕੈਸੇ ਚਲੇਗੀ ? ਇਤਯਾਦਿਕ ਪ੍ਰਸੰਗੋਂ ਸੇ ਭੀ ਉਨਕਾ ਸੰਤ ਬਾਣਾ ਧਾਰਣ ਕਰਨਾ ਪ੍ਰਸਿੱਧ ਹੈ।

ਪ੍ਰਮਾਣ ੩ ।। ਜਬ ਸ਼੍ਰੀ ਗੁਰੂ ਨਾਨਕ ਜੀ ਅਨੇਕ ਮੁਲਕੋਂ ਕਾ ਸੈਲ ਕਰਤੇ ਹੂਏ ਮਰਦਾਨੇ ਦੀ ਇੱਛਯਾ ਅਨੁਸਾਰ ਅਰਬ ਦੇਸ ਮੈਂ ਮੱਕੇ ਸ਼ਹਿਰ ਕਾਬੇ*

*ਕਾਬਾ ਇਕ ਕੋਠੇ ਦਾ ਨਾਮ ਹੈ ਜਿਸ ਵਿਚ ਇਬਰਾਹੀਮ ਦਾ ਬਾਪ ਆਜ਼ਰ ਪੱਥਰ ਦੀਆਂ ਮੂਰਤਾਂ ਘੜਕੇ ਬੇਚਦਾ ਹੁੰਦਾ ਸੀ। ਇਬਰਾਹੀਮ ਅੱਛੀ ਸੰਗਤ ਹੋਣੇ ਕਰਕੇ ਮੂਰਤਾਂ ਨੂੰ ਨਹੀਂ ਪੂਜਦਾ ਸੀ। ਇਕ ਦਿਨ ਵਕਤ ਬਿਚਾਰ ਕੇ ਸਬ ਮੂਰਤਾਂ ਇਬਰਾਹੀਮ ਨੇ ਤੋੜ ਸਿੱਟੀਆਂ ਤੇ ਇਕ ਵੱਡੀ ਮੂਰਤ ਦੇ ਕੰਧੇ ਪਰ ਕੁਹਾੜੀ ਰੱਖ ਕੇ ਖੜੀ ਕਰ ਦਿਤੀ ਤੇ ਲੋਕਾਂ ਦੇ ਪੁਛਨ ਪਰ ਕਿਹਾ ਕਿ ਆਪਸ ਵਿਚ ਲੜਾਈ ਕਰਕੇ ਸਬ ਟੁਟ ਗਈਆਂ ਹਨ। ਲੋਗਾਂ ਨੇ ਕਿਹਾਂ, ਇਨਾਂ ਵਿਚ ਇਤਨੀ ਸ਼ਕਤੀ ਨਹੀਂ। ਇਬਰਾਹੀਮ ਨੇ ਕਿਹਾ, ਜੇਕਰ ਇਹ ਕੁਛ ਨਹੀਂ ਸਕਦੇ ਤਾਂ ਤੁਸੀ ਕਯੋਂ ਮੰਨਦੇ ਹੋ ? ਉਸ ਦਿਨ ਤੋਂ ਇਬਰਾਹੀਮ ਖ਼ੁਦਾ ਪਰਸਤ ਤੇ ਪੈਗੰਬਰ ਮਸ਼ਹੂਰ ਹੋ ਗਯਾ। ਕਾਬੇ ਮੈਂ ਅਬ ਤਕ ਦੋ ਬੁੱਤ ਲਾਤ ਮਨਾਤ ਧਰੇ ਹੈਂ ਉਨਾਂ ਪਰ ਕਪੜਾ ਪਾਯਾ ਰਹਤਾ ਹੈ। ਮੁਸਮਲਮਾਨ ਉਨਕੇ ਦੇਖਣੇ ਕੋ ਹੱਜ ਕਹਤੇ ਹੈਂ ਕੋਈ ਲੋਗ ਰੁਪਯਾ ਖਰਚ ਕਰਕੇ ਜੱਫੀ ਪਾਇਕੇ ਚੁੰਮ ਭੀ ਆਵਤੇ ਹੈਂ ਉਸਕੋ ਪੂਰਾ ਹੱਜ ਕਹਤੇ ਹੈਂ ਔਰ ਉਸਕਾ ਬਡਾ ਸਵਾਬ ਅਰਥਾਤ ਪੁੰਨਯ ਮੰਨਦੇ ਹਨ । ਤੇ ਇਕ ਕਾਲੇ ਬੁੱਤ ਦਾ ਬੋਸਾ ਭੀ ਲੈਂਦੇ ਹਨ ।



Digitized by Panjab Digital Library | www.panjabdigilib.org

ਦੇ ਪਾਸ ਜਾਇ ਉਤਰੇ ਔਰ ਕਾਬੇ ਦੀ ਤਰਫ ਚਰਨ ਪਸਾਰ ਕੇ ਗੁਰੂ ਜੀ ਬਿਰਾਜ ਰਹੇ। ਸਵੇਰ ਵੇਲੇ ਜੀਵਣ ਨਾਮੀ ਮਜੌਰ ਨੇ ਦੇਖ ਕੇ ਕਿਹਾ, ਹੇ ਮੁਸਾਫਰ ਤੂੰ ਕੋਈ ਕਾਫਰ ਹੈਂ ਜੋ ਖੁਦਾ ਦੇ ਘਰ ਵਲ ਪੈਰ ਪਸਾਰ ਕੇ ਪਯਾ ਹੈਂ?ਗੁਰੂ ਜੀ ਨੇ ਕਹਯਾ ਭਾਈ ਜੀਵਣ ਜਿਸ ਤਰਫ ਖੁਦਾਇ ਦਾ ਘਰ ਨਹੀਂ ਤੂੰ ਓਸ ਤਰਫ ਹਮਾਰੇ ਪੈਰ ਕਰ ਦੇਹ। ਓਹ ਜਿਧਰ ਚਰਨ ਗੁਰੂ ਜੀ ਦੇ ਫੇਰੇ ਉਧਰੇ ਹੀ ਓਸਨੂੰ ਖੁਦਾ ਦਾ ਘਰ ਕਾਬਾ ਨਜ਼ਰ ਆਵੇ। ਇਹੁ ਅਜਮਤ ਦੇਖ ਕੇ ਗੁਰੂ ਜੀ ਦੇ ਚਰਨਾਂ ਪਰ ਢਹ ਪਯਾ ਦੂਸਰੇ ਦਿਨ ਸਬ ਕਾਜੀ, ਮੌਲਵੀ, ਫ਼ਕੀਰ ਗੁਰੂ ਜੀ ਨਾਲ ਚਰਚਾ ਦਾ ਪਰਚਾ ਕਰਨ ਆਇ ਲੱਗੇ ਇਕ ਦਿਨ ਰੁਕਨੁਦੀਨ ਕਾਜ਼ੀ ਨੇ ਗੁਰੂ ਜੀ ਪਾਸੋਂ ਪੁਛਯਾ ਤੁਮ੍ਹਾਰੇ ਫਿਰਕੇ ਦਾ ਨਾਮ ਕਯਾ ਹੈ ਤਾਂ ਗੁਰੂ ਸਾਹਿਬ ਬੋਲੇ "ਕਲਿਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਇ। ਬੇਦ ਕਤੇਬੋਂ ਬਾਹਰਾ ਜਪਦੇ ਏਕ ਖੁਦਾਇ। ਕਲਿਜੁਗ ਨਾਨਕ ਨਿਰਮਲੀ ਗੁਰੁ ਸਿੱਖੀ ਪਰਵਾਨ। ਪਾਰ ਉਤਾਰੈ ਉੱਮਤੀ ਸੱਤਜ ਨਾਮ ਦੈ ਦਾਨ।" ਇਸ ਪ੍ਰਕਾਰ ਦੇ ਬਹੁਤ ਸਲੋਕ ਗੁਰੂ ਮਹਾਰਾਜ ਨੇ ਓਥੇ ਉਚਾਰੇ ਸੋ ਦੇਖੋ ਮੱਕੇ ਦੀ ਗੋਸ਼ਟ ਪੌੜੀ ੪੦ ਵਿਚ॥

ਪ੍ਰਮਾਣ ੪॥ ਜਦ ਸ੍ਰੀ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਅਨੇਕ ਪ੍ਰਕਾਰ ਦੇ ਤਾਉ ਕਸੌਟੀ ਦੇਕਰ ਬਾਰਾ ਵੰਨੀ ਦੇ ਸੁਰਣ ਦੀ ਤਰਹ ਐਨ ਲਾਯਕ ਪ੍ਰੀਖਯਾ ਕਰ ਕੇ ਗੱਦੀ, ਗੁਰਿਆਈ ਤੇ ਅਪਣਾ ਨਿਰਮਲ ਭੇਖ ਦਿਤਾ ਹੈ, ਉਸ ਵਕਤ ਦਾ ਪ੍ਰਸੰਗ ਭਾਈ ਗੁਰਦਾਸ ਜੀ ਨੇ ਅਪਨੀ ਪਹਿਲੀ ਵਾਰ ਦੀ ੪੪ ਪੌੜੀ ਮੈਂ ਐਸੇ ਲਿਖਾ ਹੈ, "ਥਾਪਣੋ ਲਹਿਣਾ ਜੀਂਵਦੈ ਗੁਰਿਆਈ ਸਿਰ ਛੱਤ੍ਰ ਫਿਰਾਯਾ। ਮਾਰਯਾ ਸਿੱਕਾ ਜਗਤ ਵਿਚ ਗੁਰੁ ਨਾਨਕ ਨਿਰਮਲ ਪੰਥ ਚਲਾਯਾ।" ਟੀਕਾ॥ ਜੈਸੇ ਸਰਕਾਰਾਂ ਦੇ ਸਿੱਕੇ ਰੁਪਏ ਮੁਹਰਾਂ ਪਰ ਲਗਦੇ ਹੈਂ ਤਦ ਓਹ ਕੀਮਤ ਪਾਂਉਦੇ ਹੈਂ ਤੈਸੇ ਸੰਤੋਂ ਕਾ ਸਿੱਕਾ ਜਤਾਂਉ, ਖਾਕ, ਮੁੰਦ੍ਰਾ, ਭਗਵਾਂ ਬਸਤ੍ਰ ਜਿਸ ਪੁਰਖ ਪਰ ਹੋਤਾ ਹੈ



Digitized by Panjab Digital Library | www.panjabdigilib.org

ਓਹ ਜਗਤ ਮੇਂ ਮਾਨ ਪਾਂਉਦਾ ਹੈ ਏਸੇ ਵਾਸਤੇ ਜੈਸੇ ਜੋਗੀਯਾਂ, ਵੈਰਾਗੀਯਾਂ, ਸੰਨਜਾਸੀਯਾਂ ਦੇ ਸਿੱਕੇ, ਭੇਖ, ਪੰਥ ਚਲੇ ਹੋਏ ਹੈਂ, ਤੈਸੇ ਗੁਰੂ ਨਾਨਕ ਜੀ ਨੇ ਅਪਨਾ ਸਿੱਕਾ ਕਾਖਾਇ ਬਸਤ੍ਰ ਨਿਰਮਲ ਪੰਥ ਜਗਤ ਮੈਂ ਚਲਾਯਾ ਹੈ ਤਬ ਸੈਂ ਇਹੁ ਨਿਰਮਲ ਪੰਥ ਗੁਰੂ ਅੰਗਦ ਜੀ ਦ੍ਵਾਰਾ ਬ੍ਰਿਧ ਹੂਆ।

ਪ੍ਰਮਾਣ ੫॥ ਗੁਰੂ ਗ੍ਰੰਥ ਸਾਹਿਬ ਬੱਜ੍ਰ ਸਮ ਬੇਦ ਰੂਪ ਜੀ ਕਾ ਪ੍ਰਮਾਣ ਹੈ। ਜਿਸ ਵਕਤ ਗੁਰੂ ਅਰਜਨ ਸਾਹਿਬ ਜੀ ਕੇ ਰੂਬਰੂ ਭਟਾਂ ਨੇ ਆਇ ਕਰ ਗੁਰੂ ਸਾਹਿਬਾਂ ਦੀ ਮਹਿਮਾਂ ਉਚਾਰੀ ਹੈ, ਉਸ ਵਕਤ ਮਥੁਰਾ ਭੱਟ ਨੇ ਗੁਰੂ ਕੇ ਭੇਖ ਦਾ ਸੁਜਸ ਔਰ ਨਾਮ ਬਰਨਨ ਕੀਯਾ ਹੈ ਤਥਾਹੀ "ਨਿਰਮਲ ਭੇਖ ਅਪਾਰ ਤਾਸ ਬਿਨ ਅਵਰ ਨ ਕੋਊ।" ਭੱਟ ਕਹਿਤਾ ਹੈ, ਹੇ ਸਤਗੁਰੋ! ਜੈਸੇ ਜੋਗੀ, ਸੱਨਜਾਸੀ, ਬੈਰਾਗੀ ਆਦਿਕ ਭੇਖ ਹੈਂ, ਤੈਸੇ ਨਿਰਮਲ ਭੇਖ ਆਪ ਕਾ ਅਪਾਰ ਪ੍ਰਤਾਪ ਵਾਲਾ ਹੋਵੇਗਾ। ਹੋਰ ਕੋਈ ਭੇਖ ਸ਼ਸਤ੍ਰ, ਸ਼ਾਸਤ੍ਰ, ਬਿੱਦਜਾ ਮੈਂ ਨਿਪੁਨ ਇਸ ਜੈਸਾ ਨਾ ਹੋਵੇਗਾ। ਇਸੀ ਵਾਸਤੇ ਹਮ ਅਪਨੇ ਮਨ ਕੋ ਕਹਿਤੇ ਹੈਂ, "ਇਹ ਪੱਧਤਿ ਤੇ ਮਤਿ ਚੂਕਹੁ ਰੇ ਮਨ, ਭੇਦ ਬਿਭੇਦ ਨ ਜਾਨ ਬੀਓ"। ਹੇ ਮਨ! ਇਸ ਨਿਰਮਲ ਭੇਖ ਕੀ ਪੱਧਤਿ ਕੋ ਮਤ ਛੋੜ, ਇਸਹੀ ਕੀ ਸੰਗਤ ਕਰਕੇ ਭੇਦ ਪੰਜ ਪ੍ਰਕਾਰ ਦਾ ਜੋ ਹੈ ਬ੍ਰਹਮ ਗਜਾਨ ਦੇ ਕਰ ਓਸ ਨੂੰ ਬਿਭੇਦ ਕਹੀਏ ਕੱਟਣੇ ਵਾਲਾ ਏਸ ਪੰਥ ਬਿਨਾ ਨਾ ਜਾਣ,ਦੂਸਰਾ ਹੋਰ ਕੋਈ। ਕਾਹੇ ਤੈ ਹੋਰ ਭੇਖੋਂ ਮੈ ਜਪ ਤਪਾਦਿਕ ਸਾਧਨ ਲੋਗ ਦਿਖਾਵਾ ਬਹੁਤ ਹੈਂ। ਇਸ ਪੰਥ ਮੇਂ ਸੱਤਜ ਸ਼ਾਸਤ੍ਰ ਕਾ ਬੀਚਾਰ ਆਤਮਾ ਅਨਾਤਮਾ ਕਾ ਨਿਰਨੈ ਬ੍ਰਹਮ ਗਜਾਨ ਕੀ ਪ੍ਰਾਪਤੀ ਕੇ ਸਾਧਨ ਹੋਤੇ ਰਹਿਤੇ ਹੈਂ। ਭੱਟੋਂ ਕੇ ਇਸ ਬਚਨ ਸੈਂ ਭੀ ਸਹੀ ਹੋਤਾ ਹੈ ਕਿ ਪੰਚਮ ਗੁਰੂ ਦੇ ਵਕਤ ਮੈਂ ਇਹੁ ਨਿਰਮਲ ਭੇਖ ਬਹੁਤ ਥਾ। ਜੇਕਰ ਨਾ ਹੋਤਾ ਤਬ ਭੱਟ ਗੁਰੂ ਕਾ ਨਿਰਮਲ ਭੇਖ ਅਪਾਰ ਕਜੋਂ ਬਰਨਨ ਕਰਤੇ? ਭੇਖ ਨਾਮ ਕਾਖਾਇ ਬਸਤ੍ਰ ਧਾਰਣਾਦੀ ਚਿੱਨ ਕਾ ਹੈ।



Digitized by Panjab Digital Library | www.panjabdigilib.org

ਪ੍ਰਮਾਣ ੬ ॥ ਹੋਰ ਬਹੁਤ ਬਚਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਮਲ ਪੰਥ ਦੀ ਸਿੱਧੀ ਮੇਂ ਸ੍ਰਵਣ ਕਰੋ। ਯਥਾ "ਨਾਨਕ ਸੰਤ ਨਿਰਮਲ ਭਏ ਜਿਨ ਮਨ ਵਸਿਆ ਸੋਇ" "ਨਾਨਕ ਨਾਮ ਰਤੇ ਸੇ ਨਿਰਮਲੇ ਸਾਚੇ ਰਹੇ ਸਮਾਇ" "ਸਬਦ ਰਤੇ ਸੇ ਨਿਰਮਲੇ" "ਭੈ ਪਾਰਬ੍ਰਹਮ ਹੋਵੈ ਨਿਰਮਲਾ ਤੂ" "ਸਬਦ ਸਲਾਹੇ ਸੇ ਜਨ ਨਿਰਮਲ" "ਨਾਨਕ ਹਰਿ ਜਨ ਨਿਰਮਲੇ" "ਸੰਤਸੰਗ ਹੋਹੁ ਨਿਰਮਲਾ ਚੂਕੈ ਜਮਕੀ ਜੋਹ" "ਸੋ ਜਨ ਨਿਰਮਲ ਜਿਨ ਆਪ ਪਛਾਤਾ" ਇਤਜਾਦਿਕ ਏਕ ਸੌ ਸਤਾਈਸ ਬਚਨ ਗ੍ਰੰਥ ਸਾਹਿਬ ਜੀ ਮੈਂ ਨਿਰਮਲ ਪੰਥ ਕੇ ਪਰਥਾਇ ਹੈਂ। ਗ੍ਰੰਥ ਬਢਨ ਕੇ ਡਰ ਸੇ ਈਹਾਂ ਅਧਿਕ ਨਹੀਂ ਲਿਖੇ। ਜੋ ਲੋਗ ਨਿਰਮਲ ਪਦ ਕਾ ਸ਼ੁਧ ਯਾ ਉੱਜਲ ਅਰਥ ਕਰਤੇ ਹੈਂ ਸੋ ਜੋਗਕ ਬ੍ਰਿਤੀ ਸੈਂ ਗੌਰਵਤਾ ਵਾਲਾ ਮੱਧਜਮ ਅਰਥ ਕਰਤੇ ਹੈਂ ਜੋ ਨਿਰਮਲ ਪਦ ਕਾ ਅਰਥ ਨਿਰਮਲ ਪੰਥ ਪਰ ਲਗਾਵਤੇ ਹੈਂ, ਸੋ ਲਾਘਵਤਾ ਵਾਲਾ ਉੱਤਮ ਅਰਥ ਰੂਢੀ ਬ੍ਰਿਤੀ ਸੈਂ ਹੋਤਾ ਹੈ। ਪ੍ਰਸਿੱਧ ਅਰਥ ਛੋੜ ਕੇ ਅਪ੍ਰਸਿੱਧ ਅਰਥ ਕਰਨਾ ਏਹੀ ਗੌਰਵਤਾ ਹੈ। ਪੁਨਹ ਜੈਸੇ ਬ੍ਰਹਮਣ, ਖੱਤ੍ਰੀ, ਬੈਸ਼, ਸ਼ੂਦ੍ਰ, ਸੱਨਜਾਸੀ, ਬ੍ਰਹਮਚਾਰੀ, ਉਦਾਸੀ, ਅਕਾਲੀ, ਸਿੱਖ, ਵੈਰਾਗੀ ਆਦਿਕ ਪਦੋਂ ਸੇ ਬਟਣਾਸ਼੍ਰਮ ਜਾਤੀ ਭੇਖ ਪੰਥ ਕਾ ਬੋਧ ਹੋਤਾ ਹੈ, ਤੈਸੇ ਨਿਰਮਲ ਪਦ ਸੈਂ ਭੀ ਨਿਰਮਲ ਪੰਥ ਕਾ ਹੀ ਬੋਧ ਹੋਣਾ ਠੀਕ ਹੈ। ਜੇਕਰ ਐਸਾ ਨਾ ਮਾਨੇ ਤਬ ਬਰਣੋਂ, ਆਸ਼੍ਰਮੋਂ, ਭੇਖੋਂ, ਪੰਥੋਂ ਕਾ ਬੋਧਕ ਬਚਨ ਕੋਈ ਨਾ ਰਹੇਗਾ, ਪਰੰਤੂ ਜਹਾਂ ਬ੍ਰਹਮਣ ਪਦ ਕਾ ਅਰਥ ਬ੍ਰਹਮ ਬੇਤਾ ਪਰ, ਸੱਨਜਾਸੀ ਕਾ ਸਰਬ ਤਜਾਗੀ ਪਰ, ਵੈਰਾਗੀ ਕਾ ਵੈਰਾਗਜਵਾਨ ਬ੍ਰਿੱਕਤ ਪਰ, ਉਦਾਸੀ ਕਾ ਉਦਾਸੀਨ ਪੁਰਖ ਪਰ, ਸਿੱਖ ਪਦ ਕਾ ਗੁਰੁ ਸੀਖਜਾ ਧਾਰਨ ਵਾਲੇ ਪਰ, ਨਿਹੰਗ ਪਦ ਕਾ ਬਿਨਾ ਹੰਗਤਾ ਵਾਲੇ ਪਰ। ਐਸੇ ਐਸੇ ਪਰਮਾਰਥ ਮੈਂ ਅਰਥ ਕਰੇ ਜਾਵੇਂਗੇ ਤਹਾਂ ਨਿਰਮਲ ਪਦ ਕਾ ਅਰਥ ਭੀ ਸੁਧ ਯਾ ਉੱਜਲ ਕਰ ਲੇਨਾ ਜੋਗਜ ਹੈ ਜਹਾਂ



Digitized by Panjab Digital Library | www.panjabdigilib.org

ਬਿਹਾਰ ਕਾ ਅਰਥ ਹੋਗਾ ਤਹਾਂ ਨਿਰਮਲ ਪੰਥ ਹੀ ਆਵੇਗਾ। ਕਾਹੇ ਤੇ ਬਹੁਤ ਪਦੋਂ ਕੇ ਅਰਥ ਏਕ ਪਰਮਾਰਥ ਮੈਂ, ਦੂਸਰਾ ਬਿਹਾਰ ਮੈਂ ਹੋਤਾ ਹੈ। ਇਸ ਮੇਂ ਭੀ ਇਤਨਾ ਭੇਦ ਹੈ ਜਹਾਂ ਭੇਖ ਯਾ ਪੰਥ ਯਾ ਸੰਤ ਯਾ ਸਿੱਕਾ ਇਨ ਪਦੋਂ ਕੀ ਸਮੀਪਤਾ ਨਿਰਮਲ ਪਦ ਸੇ ਹੋਵੈ ਤਹਾਂ ਤੋ ਅਵੱਸਜ ਨਿਰਮਲ ਪੰਥ ਪਰ ਹੀ ਅਰਥ ਕਰਨਾ ਹੋਗਾ। ਜਹਾਂ ਇਨ ਪਦੋਂ ਕੀ ਸਮੀਪਤਾ ਨਹੀਂ ਤਹਾਂ ਸੁੱਧ ਯਾ ਉੱਜਲ ਅਰਥ ਕਰ ਲੇਨੇ ਮੇਂ ਦੋਸ਼ ਨਹੀਂ। ਹੇ ਖਾਲਸਾ ਜੀ ! ਏਹੁ ਅਨੇਕ ਪਰਮਾਨ ਬਾਦੀ ਮਤ ਪਾਖਾਨ ਕੀ ਹਾਨਿ ਕਰਨੇ ਵਾਲ ਬੱਜ੍ਰ ਸਮਾਨ ਨਿਰਮਲ ਪੰਥ ਕੀ ਪ੍ਰਧਾਨਤਾ ਮੇਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਕੇ ਬਚਨ ਦੇਖਾਏ ਹੈਂ। ਅਬ ਜੋ ਜੋ ਬਖਸ਼ਸ਼ੇਂ ਦਸਮੇਂ ਪਾਤਸ਼ਾਹ ਜੀ ਨੇ ਨਿਰਮਲ ਪੰਥ ਕੇ ਪਰਥਾਇ ਕਰੀ ਹੈਂ ਓਹੁ ਸਾਖੀਯਾਂ ਅਤੇ ਬਚਨ ਭੀ ਸ੍ਰਵਣ ਕਰੋ। 

186592

ਬਖਸ਼ਸ਼ ੧ ॥ ਏਕ ਸਮੇਂ ਸੰਮਤ ੧੭੪੩ ਬਿਕ੍ਰਮੀ ਮੈਂ ਪਾਂਉਟੇ ਸਾਹਿਬ ਗੁਰੂ ਜੀ ਏਕ ਪੰਡਿਤ ਰਘੁਨਾਥ ਨਾਮੀ ਸੈਂ ਭੋਜ ਪ੍ਰਬੰਧ ਔਰ ਮਹਾ ਭਾਰਥ ਕੀ ਕਥਾ ਸੁਣਯਾ ਕਰਤੇ ਥੇ ਪੁਨਹ ਉਸਕੇ ਪਾਸ ਅਪਨੇ ਸਿੱਖਾਂ ਕੋ ਸੰਸਕ੍ਰਿਤ ਪੜ੍ਹਾਉਣ ਵਾਸਤੇ ਸੌਂਪ ਦੀਯਾ। ਪੰਡਿਤ ਨੈਂ ਸਿੱਖਾਂ ਦੀ ਜਾਤੀ ਮੈਂ ਅਸ਼ੰਕਾ ਕਰ ਕੇ ਪੜ੍ਹਾਉਣੇ ਸੈਂ ਜੁਵਾਬ ਦੇ ਦੀਯਾ ਫਿਰ ਗੁਰੂ ਜੀ ਕੇ ਪੂਛਣੇ ਪਰ ਪੰਡਿਤ ਨੇ ਕਹਾ ਇਸਤ੍ਰੀ ਔਰ ਸ਼ੂਦ੍ਰ ਕੋ ਸੰਸਕ੍ਰਿਤ ਬੇਦ ਬਿੱਦਜਾ ਪੜ੍ਹਨੇ ਪੜ੍ਹਾਉਨੇ ਕਾ ਅਧਿਕਾਰ ਨਹੀਂ ਔਰ ਤੁਮ੍ਹਾਰੇ ਸਿੱਖ ਬਹੁਤ ਸੂਦ੍ਰ ਹੈਂ ਤਾਂਤੇ ਤੁਮ੍ਹਾਰੇ ਸਿੱਖ ਬੇਦ ਬਿੱਦਜਾ ਕੇ ਅਧਿਕਾਰੀ ਨਹੀਂ। ਸ੍ਰੀ ਕਲਗੀਧਰ ਬੋਲੇ, ਹੇ ਪੰਡਿਤ! ਸੂਤ ਜੀ ਕੌਣ ਥੇ ? ਜਿਨ ਸੈਂ ਨੀਮ ਖਾਰ ਛੇਤ੍ਰ ਵਿਖੇ ਅਠਾਸੀ ਹਜ਼ਾਰ ਰਿਖੀ ਮੁਨੀ ਹਮੇਸ਼ ਕਥਾ ਸੁਣਤੇ ਥੇ ? ਇਹੁ ਪ੍ਰਸੰਗ ਪੁਰਾਣੋਂ ਮੇਂ ਲਿਖਾ ਹੈ।

ਪੁਨਹ ਗਾਰਗੀ, ਚੁਡਾਲਾ, ਮੰਦਾਲਸਾ, ਕਾਤਾਯਨੀ, ਮੈਤ੍ਰੀ ਆਦਿਕ ਇਸਤ੍ਰੀਯਾਂ ਰਿਖੀਸ੍ਰਰਾਂ ਮੁਨੀਸ੍ਰਰਾਂ ਸਾਥ ਕੈਸਾ-ਕੈਸਾ ਸੰਬਾਦ ਬੇਦ ਬਿਦਯਾ



Digitized by Panjab Digital Library | www.panjabdigilib.org

ਮੈਂ ਕਰਤੀ ਰਹੀ ਹੈਂ। ਜਿਨਕੀ ਕਥਾ ਖਾਸ ਬੇਦੋਂ ਮੇਂ ਲਿਖੀ ਹੈ ਔਰ ਦੈਤਜੋਂ ਕੇ ਪ੍ਰਸੰਗ ਬੇਦ ਪੜ੍ਹਨੇ ਮੇਂ ਆਤੇ ਹੈਂ। ਪੁਨਹ ਬਜਾਸ, ਬਸਿਸ਼ਟ, ਮਾਂਡਵ, ਹਸਤਾਮਲ ਤੁਮ੍ਹਾਰੇ ਬਡੇ ਰਿਖੀਓਂ ਕੀ ਉਤਪੱਤੀ ਕੈਸੇ ਹੋਈ ਹੈ? ਜਬ ਓਹ ਬੇਦ ਬਿਦਜਾ ਕੇ ਅਧਿਕਾਰੀ ਅਚਾਰਯ ਹੋਏ ਤਬ ਹਮਾਰੇ ਸਿੱਖਾਂਕੋ ਅਨ ਅਧਿਕਾਰੀ ਕੈਸੇ ਕਹਤੇ ਹੋ ? ਹਮਾਰੇ ਸਿੱਖ ਤੋ ਛੱਤ੍ਰੀ ਹੋਣੇ ਤੈ ਬੇਦ ਬਿਦਜਾ ਕੇ ਖਾਸ ਅਧਿਕਾਰੀ ਹੈਂ। ਕਾਹੇ ਤੈ ? ਜਬ ਹਮਾਰੇ ਸਿੱਖ ਪਾਹੁਲ ਉਪਦੇਸ਼ ਲੇਤੇ ਹੈਂ ਤਬ ਇਨਕਾ ਦੂਸਰਾ ਜਨਮ ਹੋ ਜਾਤਾ ਹੈ ਯਥਾ "ਸਤਿਗੁਰੁ ਕੇ ਜਨਮੇ ਗਵਨ ਮਿਟਾਇਆ" ਪਾਹੁਲ ਉਪਦੇਸ਼ ਧਾਰਨ ਕਰਨਾ ਏਹੀ ਸੰਸਕਾਰ ਹੈਂ। ਬਿਨਾ ਸੰਸਕਾਰ ਤੈ ਬ੍ਰਾਹਮਣ ਜਾਤੀ ਵਾਲਾ ਭੀ ਸੂਦ੍ਰ ਹੈ ਯਥਾ "ਜਨਮ ਨਾ ਜਾਂਯਤਿ ਸ਼ੂਦ੍ਰਹ ਸੰਸਕਾਰਹ ਦ੍ਵਜੋਤਮਾ। ਬੇਦ ਪਾਠੀ ਭਵੇ ਬਿੱਪ੍ਰੋਹ ਬ੍ਰਹਮ ਜਾਨਾਤੀ ਬ੍ਰਾਹਮਣਾਹ" ਬਸਿਸ਼ਟ ਜੀ ਕੇ ਇਸ ਬਚਨ ਅਨੁਸਾਰ ਭੀ ਗੁਰੂ ਕੇ ਸਿੱਖ ਸੰਸਕਾਰੋਂ ਵਾਲੇ ਦ੍ਵਜ ਹੋਣੇ ਤੈ ਬੇਦ ਬਿਦਜਾ ਕੇ ਅਧਿਕਾਰੀ ਹੈਂ। ਮਨੂ ਜੀ ਨੇ ਭੀ ਲਿਖਾ ਹੈ "ਗੁਰੂ ਸੇਂ ਉਪਦੇਸ਼ ਲੇਕਰ ਛੀ ਮਹੀਨੇ ਗੁਰੂ ਕੇ ਘਰ ਮੇਂ ਜੋ ਕੋਈ ਰਹਤਾ ਹੈ ਸੋ ਗੁਰੂ ਕੀ ਜਾਤੀ ਹੋ ਜਾਤਾ ਹੈ।" ਇਸ ਵਾਸਤੇ ਗੁਰੂ ਕੇ ਸਿੱਖ ਗੁਰੂ ਕੀ ਜਾਤਿ ਛੱਤ੍ਰੀ ਬਰਣ ਹਮਾਰਾ ਰੂਪ ਹੈਂ। ਐਸੇ ਕਹਿ ਕਰ ਗੁਰੂ ਜੀ ਨੇ ਏਕ ਛੰਦ ਉਚਾਰਨ ਕੀਆ ਯਥਾ। "ਦਰਿੜਾ ਛੰਦ॥ ਮਮ ਹਰਿ ਦ੍ਵਜਵਰ ਹਰ ਗੁਨ ਮਨਿ ਗੁਨ ਚੌਦਹਿ ਜੋਈ। ਮਮ ਹਰਿ ਤੈ ਦ੍ਵਜ ਪਠਨ ਪਠਨ ਕਰ ਜਿੰਨ ਮੁਖ ਸ਼ੂਦ੍ਰ ਰਟੋਈ।' ਟੀਕਾ। ਹੇ ਦ੍ਵਜਵਰ! ਮੇਰੇ ਸਿੱਖ ਹਰੇਕ ਪ੍ਰਕਾਰ ਦੇ ਗੁਣੋਂ ਮੈਂ ਔਰ ਮਨਿ ਗੁਨ ਸਿਰੋਮਣੀ ਬੇਦ ਸਾਸਤ੍ਰ ਆਦਿਕ ਚੌਦਸ ਬਿੱਦਜਾ ਮੈਂ ਨਿਪੁਨ ਹੋਵੇਂਗੇ. ਜਿਨ ਕੋ ਤੂੰ ਨਿਜ ਮੁਖਸੈਂ ਸੂਦ੍ਰ ਕਹਿਤਾ ਹੈਂ, ਇਨਹੀ ਮੇਰੇ ਸਿੱਖੋਂ ਸੇ ਬ੍ਰਹਮਣ ਬੇਦ ਬਿੱਦਜਾ ਕਾ ਪਾਠ ਪਠਨ ਕੀਆ ਕਰੇਂਗੇ। ਇਸ ਪ੍ਰਕਾਰ ਬ੍ਰਹਮਣ ਕਾ ਗਰਬ ਪਰਿਹਾਰ ਸਿੱਖਾਂ ਵਾਸਤੇ ਬਰ ਉਚਾਰ ਕਰ ਗੁਰੂ ਜੀ ਨੇ ਪੁਨਹ ਸਿੱਖਾਂ ਕੋ ਹੁਕਮ ਦੀਆ ਜੋ



Digitized by Panjab Digital Library | www.panjabdigilib.org

ਤੁਮ ਕਾਂਸ਼ੀ ਜੀ ਮੈਂ ਜਾਇ ਕੇ ਸੰਸਕ੍ਰਿਤ ਬਿੱਦਜਾ ਪੜ੍ਹੋ। ਜਿਤਨੀ ਬਿੱਦਜਾ ਹੋਰ ਲੋਗ ਬਰਸੋਂ ਮੇਂ ਪੜ੍ਹਤੇ ਹੈਂ ਹਮਾਰੇ ਬਰ ਪ੍ਰਸਾਦ ਤੇ ਤੁਮਕੋ ਉਤਨੀ ਬਿੱਦਜਾ ਮਹੀਨਜੋਂ ਮੇਂ ਪ੍ਰਾਪਤ ਹੋ ਜਾਵੇਗੀ।

ਸਿੱਖਾਂ ਨੇ ਬੇਨਤੀ ਕੀਤੀ, ਹੇ ਭਗਵਨ! ਜਦ ਏਥੇ ਹੀ ਬ੍ਰਾਹਮਣ ਨਹੀਂ ਪੜ੍ਹਾਂਵਦੇ ਤਦ ਅਸਾਨੂੰ ਕਾਂਸ਼ੀ ਮੈਂ ਬ੍ਰਾਹਮਣ ਕੈਸੇ ਪੜ੍ਹਾਵੇਂਗੇ। ਤਾਂ ਫਿਰ ਗੁਰੂ ਜੀ ਨੇ ਹੁਕਮ ਦਿੱਤਾ–ਮੀਰੀ, ਪੀਰੀ, ਫਕੀਰੀ, ਅਮੀਰੀ, ਤਦਬੀਰੀ, ਦਾਨਕੀ ਦਹੀਰੀ, ਬੰਦੂਕ, ਤਰਕਸ਼-ਗੀਰੀ ਏਹੁ ਸਾਤ ਪਦ ਹਮਨੇ ਖਾਲਸੇ ਜੀ ਕੋ ਬਖਸ਼ੇ ਹੈਂ ਔਰ ਛੱਤ੍ਰੀ ਬਰਣ ਬ੍ਰਹਮਚਾਰੀ ਆਸ਼੍ਰਮ ਗੁਰੂ ਕੇ ਸਿੱਖਾਂ ਦਾ ਹੈ। ਇਸ ਲੀਏ ਤੁਮ ਬ੍ਰਹਮਚਾਰੀਓਂ ਕਾ ਬਾਣਾ ਕਾਖਾਇ ਬਸਤ੍ਰ ਧਾਰਨ ਕਰ ਕਾਸ਼ੀ ਮੇਂ ਜਾਇ ਕੇ ਪੜ੍ਹੋ ਤੁਮ੍ਹਾਰੀ ਸੰਪ੍ਰਦਾਇ ਨਿਰਮਲੇ ਸੰਤ ਬਹੁਤ ਪ੍ਰਸਿੱਧ ਪੰਡਿਤ ਹੋਵੇਂਗੇ। ਇਹੁ ਹੁਕਮ ਗੁਰੂ ਜੀ ਕਾ ਮਾਨ ਕਰ ਭਾਈ ਰਾਮ ਸਿੰਘ, ਬੀਰ ਸਿੰਘ, ਗੰਡਾ ਸਿੰਘ, ਕਰਮ ਸਿੰਘ, ਸੈਣਾ ਸਿੰਘ ਏਹ ਪਾਂਚੋਂ ਸਿੰਘ ਕਾਖਾਇ ਬਸਤ੍ਰ ਧਾਰ ਕੇ ਗੁਰੂ ਪਾਸੋਂ ਆਗਜਾ ਲੈਕਰ ਕਾਂਸ਼ੀ ਜੀ ਮੈਂ ਜਾਇ ਕੇ ਸਤਾਨੰਦ ਪੰਡਿਤ ਪਾਸੋਂ ਸੰਸਕ੍ਰਿਤ ਬੇਦ ਬਿਦਜਾ ਪੜ੍ਹਨੇ ਲਗੇ, ਜਹਾਂ ਅਬ ਚੇਤਨਬੜ ਨਿਰਮਲੇ ਸੰਤੋਂ ਕਾ ਮਸ਼ਹੂਰ ਮੁਕਾਨ ਕਾਂਸ਼ੀ ਮੈਂ ਹੈ ਤਹਾਂ ਨਿਵਾਸ ਕਰਕੇ ਥੋੜੇ ਹੀ ਅਰਸੇ ਮੈਂ ਗੁਰੂ ਕੀ ਕ੍ਰਿਪਾ ਸੈਂ ਨਿਰਮਲੇ ਸੰਤ ਪੰਡਿਤ ਮਸ਼ਹੂਰ ਹੋ ਗਏ। ਸਾਤ ਬਰਸ ਪੀਛੇ ਗੁਰੂ ਸਾਹਿਬ ਦੇ ਪਾਸ ਆਨੰਦਪੁਰ ਮੈਂ ਆਵਤੇ ਭਏ। ਤਬ ਸ਼੍ਰੀ ਕਲਗੀਧਰ ਜੀ ਨੇ ਉਨ ਕਾ ਬਹੁਤ ਮਾਨ ਸਿਤਕਾਰ ਕੀਆ–ਔਰ ਉਨਕੇ ਪਾਸ ਹੋਰ ਸਿੱਖਾਂ ਕੋ ਸੰਸਕ੍ਰਿਤ ਪੜ੍ਹਨੇ ਵਾਸਤੇ ਸਪੁਰਦ ਕਰ ਦੀਆ। ਕਾਹੇ ਤੇ ਗੁਰੂ ਸਾਹਿਬ ਕੋ ਖਾਲਸਾ ਪੰਥ ਮੈਂ ਸ਼ਸਤ੍ਰ ਸ਼ਾਸ਼ਤ੍ਰ ਦੋਨੋਂ ਪ੍ਰਕਾਰ ਦੀ ਬਿੱਦਜਾ ਪ੍ਰਚਾਰ ਕਰਨੇ ਦਾ ਬਹੁਤ ਸ਼ੌਕ ਥਾ। ਇਸੇ ਵਾਸਤੇ ਆਪ ਵੀ ਭਾਈ ਕਰਮ ਸਿੰਘ ਨਿਰਮਲੇ ਪੰਡਿਤ ਸੈਂ ਮਹਾਭਾਰਥ ਉਪਨਿਸ਼ਦੋਂ ਕੀ ਕਥਾ ਹਮੇਸ਼ ਸੁਣਤੇ ਥੇ–ਬਲਕੇ ਭਵਿੱਖਤ ਪੁਰਾਣ, ਮਾਰਕੰਡੇ



Digitized by Panjab Digital Library | www.panjabdigilib.org

ਪੁਰਾਣ, ਦੇਵੀ ਭਾਗਵਤ, ਪਦਮ ਪੁਰਾਣ, ਮਹਾਭਾਰਥ, ਸ਼ੁਕ੍ਰਨੀਤੀ ਆਦਿਕ ਅਨੇਕ ਗ੍ਰੰਥ ਸੰਸਕ੍ਰਿਤ ਸੈਂ ਭਾਖਾ ਬਨਵਾਤੇ ਬਨਾਵਤੇ ਰਹਤੇ ਥੇ, ਜੋ ਅਨੇਕ ਪੁਸਤਕ ਬਨੇ ਹੂਏ ਅਨੰਦਪੁਰ ਛੋਡਨੇ ਦੇ ਵਕਤ ਅਸਬਾਬ ਸਮੇਤ ਜਾਂਦੇ ਰਹੇ।

ਬਖਸ਼ਸ਼ ੨ ॥ ਏਕ ਰੋਜ਼ ਸ਼੍ਰੀ ਗੁਰੂ ਦਸਮੇਂ ਪਾਤਸ਼ਾਹ ਜੀ ਅਨੰਦ ਪੁਰ ਖਾਲਸੇ ਦੇ ਦੀਵਾਨ ਮੈਂ ਇੰਦ੍ਰ ਕੇ ਸਮਾਨ ਬਿਰਾਜਮਾਨ ਥੇ। ਸਿੱਖਾਂ ਦੇ ਸਤ, ਸੰਤੋਖ, ਧਰਮ, ਧੀਰਜ ਪਰਖਨ ਲਈ ਕੜਾਹ ਪ੍ਰਸ਼ਾਦ ਮੰਗਵਾਇ ਕੇ ਲੁਟਣੇ ਦਾ ਹੁਕਮ ਦੇਤੇ ਭਏ—ਬਹੁਤ ਸਿੱਖਾਂ ਨੇ ਲੁੱਟਜਾ। ਥੋੜੇ ਬੈਠੇ ਰਹੇ। ਇਸੀ ਪ੍ਰਕਾਰ ਤੀਨ ਵਾਰ ਲੁਟਾਵਤੇ ਭਏ। ਏਕ ਤੇ ਛੀਨ ਕੇ ਦੂਸਰਾ ਲੇ ਜਾਤਾ ਰਹਾ। ਬੜਾ ਭਾਰੀ ਹਾਸੀ ਮਖੌਲ ਮਾਰਕੁਟ ਰੌਲਾ ਹੂਆ। ਹਾਸ ਰਸ ਰੌਦ੍ਰ ਰਸ ਅਧਿਕ ਹੋਤੇ ਭਏ। ਆਖਰ ਭਾਈ ਧਰਮ ਸਿੰਘ,ਦਯਾ ਸਿੰਘ, ਕੇਸਰਾ ਸਿੰਘ ਬੀਰ ਸਿੰਘ, ਮੁਹਕਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਗਜਾਨ ਸਿੰਘ, ਰਾਮ ਸਿੰਘ, ਗੱਜਾ ਸਿੰਘ, ਚੰਦਨ ਸਿੰਘ, ਸੈਣਾ ਸਿੰਘ ਇਤਯਾਦਿਕ ਜੋ ਪਰਮ ਸੰਤੋਖੀ ਬੈਠੇ ਰਹੇ ਥੇ ਉਨ ਕੀ ਤਰਫ ਦੇਖਕਰ ਸ਼੍ਰੀ ਮੁਖ ਤੇ ਫੁਰਮਾਵਤੇ ਭਏ। ਹੇ ਭਾਈ ਸਿੱਖੋ ! ਇਹੁ ਚਰਿੱਤ੍ਰ ਹਮ ਨੇ ਸਿੰਘਾਂ ਦੇ ਧੀਰਜ, ਧਰਮ, ਸੰਤੋਖ ਵੀਚਾਰ ਪਰਖਨੇ ਵਾਸਤੇ ਕੀਆ ਹੈ। ਸੋ ਗੁਰੂ ਕੇ ਪੰਥ ਮੈਂ ਪਰਮ ਸੰਤੋਖੀ ਵੀਚਾਰਸੀਲ ਬੈਰਾਗਜਵਾਨ ਸਤੋ ਗੁਨੀ ਬਹੁਤ ਸਿੰਘ ਹੈਂ। ਐਸੇ ਐਸੇ ਨਾਮ ਕੇ ਰਸੀਆ ਸਤਪੁਰੁਖ ਬਿਰਲੇ ਹੋਤੇ ਹੈਂ। ਯਥਾ "ਇਕ ਅਧਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।" ਇਹੁ ਬਚਨ ਆਦ ਗ੍ਰੰਥ ਜੀ ਕਾ ਉਚਾਰਨ ਕਰ ਸ਼੍ਰੀ ਮੁਖ ਸੈਂ ਛੰਦ ਬਰਨਨ ਕਰਤੇ ਭਏ।

"ਸ੍ਰੀ ਮੁਖਵਾਕ ਪਾਤਸ਼ਾਹੀ ੧੦ ਰੁਲਟੂ ਛੰਦ।
ਸ਼ੋਰ ਭਯੋ ਘਨਸ਼ੋਰ ਸ਼ੋਰ ਸਿੰਘਨ ਦਲ ਭਾਰੀ।
ਮਾਰਧਾਰ ਬਕ ਬਾਰ ਮਾਹਿ ਪ੍ਰਸਾਦ ਨਿਹਾਰੀ।
ਛਡ ਤੁਰੰਗ ਧਰ ਡੰਡ ਭੰਗ ਕਰ ਡੰਡਨ ਧਾਰੇਂ।



Digitized by Panjab Digital Library | www.panjabdigilib.org

ਗੁਰੂ ਬਿਚਾਰੈਂ ਜੋਗ ਭੋਗ ਭਲ ਸਿੱਖ ਨਿਹਾਰੈਂ।
ਲੂਟ ਕੂਟ ਲੈ ਛੂਟ ਜੂਠ ਨਹਿ ਭੂਟ ਭਿਨਾਨੈ।
ਪੰਥ ਪਰਖ ਹਿਤ ਪਰਖ ਪੰਥ ਹਮ ਪਰਖ ਲਹਾਨੋ।
ਭਾਨੁ ਭਾਨੁ ਹਰਿ ਖਰੇ ਪਰੇ ਨਹਿ ਇਕ ਘਮਸਾਨੂ।
ਸੰਤਤ ਸੰਤਤਿ ਸੰਤ ਤੁਸ਼ਟ ਗੁਨ ਨਿਰਮਲ ਭਾਨੂ।
ਬਰਨ ਬਰਨ ਬਰ ਬਿਸਦ ਚੀਰ ਧਰ ਧਰਨ ਨ ਕਾਰੇ।
ਬੇਦ ਬੌਦ ਸ਼੍ਰਮ ਭੇਖ ਰੇਖ ਧਰ ਰੇਖ ਨਿਹਾਰੇ।
ਸੁੱਧਿ ਬੁੱਧਿ ਦ੍ਵਜ ਆਦਿ ਸ੍ਵਾਦ ਹਰਿ ਹਰ ਪਦ ਪਾਵੈ।
ਰਮਨ ਰਮਨ ਮੈਂ ਰਮਨ ਰਮਨ ਮਮ ਅੰਤ ਸਮਾਵੈ।

ਢਰੂ ਛੰਦ॥ ਖਟ ਏਕ ਖਟੂ ਨਿਰਮੱਲ ਭਟੂ,
ਭਵ ਭੇਖ ਬਟੂ ਧਰ ਪਾਇ ਜਸੀ।
ਮਤ ਤੇ, ਗਤ ਤੇ, ਗਤਿ ਤੇ, ਹਤ ਤੇ,
ਤਨ ਤੇ, ਮਨ ਤੇ ਨਿਰਮਲਾਹਿ ਲਸੀ।

ਟੀਕਾ॥ "ਸ਼ੋਰ ਭਯੋ ਘਨ ਸ਼ੋਰ" ਮੇਘ ਕੇ ਸ਼ਬਦ ਜੈਸਾ ਗੰਭੀਰ ਸ਼ਬਦ ਜਬ ਗੁਰੂ ਸਾਹਿਬ ਜੀ ਦਾ ਹੋਯਾ "ਸ਼ੇਰ ਸਿੰਘਨ ਦਲ ਭਾਰੀ" ਉਸ ਹੁਕਮ ਨੂੰ ਸੁਣ ਕੇ ਪ੍ਰਸ਼ਾਦ ਲੁੱਟਣ ਵਾਸਤੇ ਭਾਰੀ ਸ਼ੋਰ ਸਿੰਘਾਂ ਕੇ ਦਲ ਮੈਂ ਹੋਤਾ ਭਯਾ "ਮਾਰ ਧਾਰ ਬਕਬਾਰ" ਮਾਰੋ ਪਕੜੋ ਲੁੱਟੋ ਐਸੇ ਬੋਲਤੇ ਭਯੇ ਬਾਰੰਬਾਰ "ਮਾਂਹਿ ਪ੍ਰਸ਼ਾਦ ਨਿਹਾਰੀ" ਕੜਾਹ ਪ੍ਰਸ਼ਾਦ ਵਿਖੇ ਦ੍ਰਿਸ਼ਟੀ ਦੇ ਕੇ "ਲੂਟ ਕੂਟ ਲੈ ਛੂਟ" ਛੂਟ ਕਰਕੇ ਲੂਟ ਕੂਟ ਕਰਤੇ ਭਏ ਅਥਵਾ ਕੂਟ ਨਾਮ ਪ੍ਰਸ਼ਾਦ ਕੀ ਜਮਾਂ ਕਾ ਹੈ ਸੋ ਛੂਟਃ ਹੱਲਾ ਕਰ ਕੇ ਲੂਟਤੇ ਭਏ "ਜੂਠ ਨਹਿ ਭੂਟ ਭਟਾਨੋ" ਜੂਠ ਭੂਟਨਾ ਗਿਣਤੇ ਭਏ "ਪੰਥ ਪਰਖ ਹਿਤ" ਪੰਥ ਦੀ ਪ੍ਰੀਖਯਾ ਵਾਸਤੇ "ਪਰਖ ਪੰਥ" ਪ੍ਰੀਛਯਾ ਦੇ ਰਸਤੇ "ਹਮ ਪਰਖ ਲਹਾਨੋ" ਹਮ ਨੇ ਪਰਖ ਲੀਯਾ ਹੈ ਅਥਵਾ



Digitized by Panjab Digital Library | www.panjabdigilib.org

ਪਰਖ ਨਾਮ ਕਰਤੇ ਕਾ ਹੈ ਸੋ ਕੌਣ ਕਰਤਾ ਨਰਮ ਪੰਥ ਵਿਖੇ ਹੈ ਏਹੁ ਪੁਣਖੀਜਾ ਹੈ "ਛਡ ਤੁਫੰਗ" ਤਜਾਗ ਕੇ, ਬੰਦੂਕਾਂ ਕੋ "ਧਰ ਡੰਗ" ਪਕੜਕੇ ਡਾਂਗਾਂ "ਭੰਗ ਕਰ ਡੰਡਨ ਧਾਰੈ" ਕੋਈ ਭੰਗ ਘੋਟਨੇ ਡੰਡਜਾਂ ਨੂੰ ਧਾਰਤੇ ਭਏ। "ਗੁਰੂ ਬਿਚਾਰੈਂ ਜੋਗ" ਗੁਰੂ ਸਾਹਿਬ ਤੋਂ ਜੋਗਜ ਅਜੋਗਜ ਯਾਨੇ ਧੀਰ ਜੀ ਅਧੀਰ ਜੀ ਪੁਰਖਾਂ ਕੋ ਵਿਚਾਰਤੇ ਥੇ "ਭੋਗ ਭਲ ਸਿੱਖ ਨਿਹਾਰੈ" ਸਿੱਖ ਭੋਗਣੇ ਜੋਗ ਪ੍ਰਸ਼ਾਦ ਕੋ ਹੀ ਭਲਾ ਨਿਹਾਰਤੇ ਭਏ "ਭਾਨੁ ਭਾਨੁ ਹਰਿ ਖਰੇ" ਦ੍ਵਾਦਸ਼ ਸਿੰਘ ਮਨ ਤਨ ਕਰ ਸੰਤੋਖ ਧਾਰੀ ਇਸਥਿਤ ਦੇਖੇ "ਪਰੇ ਨਹਿ ਇਕ ਘਮਸਾਨੂ" ਜੋ ਏਕ ਵਾਰੀ ਭੀ ਲੁਟਣੇ ਦੇ ਘਮਸਾਨ ਮੈਂ ਨਹੀਂ ਪਏ 'ਸੰਤਤ" ਨਿਰੰਤਰ "ਸੰਤਤਿ ਸੰਤ" ਐਸੇ ਸਤੋ ਗੁਣੀ ਸੰਤ ਰੂਪੀ ਅਪਨੀ ਨਾਦੀ ਸੰਤਾਨ ਪਰ ਹਮ "ਤੁਸ਼ਟ" ਅਤੀ ਪ੍ਰਸੱਨ ਹੈਂ ' ਗੁਨ ਨਿਰਮਲ ਭਾਨੂ" ਗੁਨ ਜਿਨਕੇ ਸੰਤੋਖਾਦੀ ਨਿਰਮਲ ਸੂਰਜ ਸਮ ਪ੍ਰਕਾਸ਼ਿਤ ਹੋਵੇਂਗੇ "ਬਰਨ ਬਰਨ ਬਰ" ਬ੍ਰਾਹਮਣ ਛੱਤ੍ਰੀ ਆਦਿਕ ਬਰਨੋਂ ਮੇਂ ਸੇ ਏਹੁ ਮੇਰੇ ਸਿੰਘ ਸ੍ਰੇਸ਼ਟ ਹੈਂ ਅਥਵਾ ਸਿੰਗਰਫੀ, ਸੰਧੂਰੀ, ਮਜੀਠੀ, ਕਟਈ, ਸੁਫੇਦ, ਸਬਜ਼ਗੋਰੀਏ ਆਦਿਕ ਬਰਨ ਬਰਨ ਨਾਮ ਰੰਗਾਂ ਕੇ ਬਰ ਕਹੀਏ ਸ੍ਰੇਸ਼ਟ "ਬਿਸਦ ਚੀਰ" ਉੱਜਲ ਬਸਤ੍ਰ "ਧਰ" ਪ੍ਰਿਥਵੀ ਪਰ "ਧਰਨਨ ਕਾਰੇ" ਧਾਰਨ ਵਾਲੇ ਹੋਵੇਂਗੇ "ਬੇਦ ਬੇਦ ਸ੍ਰਮ" ਜਤਨ ਸੈਂ ਭੀ ਬੇਦੋਂ ਕੇ ਜਾਨਨੇ ਵਾਲੇ ਹੋਵੇਂਗੇ "ਸ੍ਰਮ ਭੇਖ" ਬ੍ਰਹਮਚਰਯ ਆਸ਼੍ਰਮ ਦੇ ਭੇਖ ਦੀ 'ਰੇਖਧਰ' ਨਿਸ਼ਾਨੀ ਧਾਰ ਕੇ "ਰੇਖ ਨਿਰਾਰੇ" ਸੰਸਾਰੀ ਸ਼ਰਾ ਦੀ ਰੇਖਾਂ ਤੈ ਨਜਾਰੇ ਬਰਤੇਂਗੇ 'ਸੁੱਧ ਬੁੱਧ" ਐਸੇ ਨਿਰਮਲ ਬੁੱਧੀ ਵਾਲੇ ਹੋਵੇਂਗੇ ਜਿਨ ਸੇ "ਦ੍ਵਜਆਦਿ" ਬ੍ਰਾਹਮਣਾਦਿ ਚਾਰੋਂ ਬਰਣੋਂ ਕੇ ਜੱਗਜਾਸੂ "ਸਾਦ ਹਰਿ ਹਰ ਪਦ ਪਾਵੈਂ" ਬਿਸ਼ਨੁ ਸ਼ਿਵ ਕੇ ਸਮਾਨ ਬ੍ਰਹਮ ਗਜਾਨ ਦੀ ਪਦਵੀ ਕੇ ਸ੍ਵਾਦ, ਆਨੰਦ ਕੋ ਪਾਇ ਕਰ "ਰਮਨ ਰਮਨ ਮੈਂ ਰਮਨ" ਰਮਾ ਰਮਣ ਮੈਂ ਰਮਣ ਕਰਤੇ



Digitized by Panjab Digital Library | www.panjabdigilib.org

ਹੂਏ "ਰਮਨ ਮਮ ਅੰਤ ਸਮਾਵੈ:" ਅੰਤ ਕੋ ਮੇਰੇ ਰਮਣੀਕ ਸਰੂਪ ਮੈਂ ਸਮਾਇ ਜਾਵੇਂਗੇ ਪੁਨਹ "ਖਟ ਏਕ ਖਟੂ" ਪੂਰਬੋਕਤ ਬਾਰਾਂ ਤੇਰਾਂ ਸਿੰਘ ਜੋ ਬੈਠੇ ਰਹੇ ਹੈਂ ਐਸੇ ਐਸੇ ਔਰ ਭੀ "ਨਿਰਮਲ ਭਟੂ" ਨਿਰਮਲੇ ਸਿੰਘ ਬਹਾਦੁ ਆਸੁਰੀ ਸੰਪਦਾ ਕੋ ਜੀਤਨੇ ਵਾਲੇ "ਭਵ ਭੇਖ ਭਟੂ" ਸੰਸਾਰ ਮੈਂ ਭੇਖ ਬ੍ਰਹਮਚਾਰੀਓਂ ਕਾ "ਧਰਿ" ਧਾਰਨ ਕਰਕੇ ਵਿਚਰਤੇ ਹੂਏ "ਪਾਇ ਜਸੀ" ਪਾਵੇਗਾ ਸੁ ਜਸ ਅਥਵਾ "ਖਟ ਏਕ ਖਟੂ" ਕੋਈਕ ਜੋ ਏਟਣੇ ਵਾਲੇ ਹੋਵੇਂਗੇ ਖਟ ਸੰਪਦਾਦੀ ਸਾਧਨੋ ਕੇ ਸੋਈ ਪੁਰਖ "ਮਤਿ ਤੇ" ਬੁੱਧੀ ਤੇ "ਗਤ ਤੇ" ਗਾਤ ਤੇ "ਗਤ ਤੇ ਪ੍ਰਾਪਤ ਹੋਣੇ ਵਾਲੇ ਬਿਕਾਰੋਂ ਕੋ "ਹਤ ਤੇ ਨਸ਼ਟ ਕਰ "ਮਨ ਤੇ ਤਨ ਤੇ ਨਿਰਮਲਾਹਿ ਲਸੀ" ਮਨ ਤਨ ਕਰਕੇ ਨਿਰਮਲੇ ਪ੍ਰਕਾਸੇਂਗੇ ।

ਬਖਸ਼ਸ਼ ੩ ।। ਇਕ ਵਾਰੀ ਗੁਰੂ ਜੀ ਅਪਨੇ ਨਫਰ ਭਾਈ ਚੰਦਨ ਹਰੀ ਪਰ ਐਸੇ ਰੀਝੇ ਜੋ ਚੰਗਾ ਸ਼ਸਤ੍ਰ, ਬਸਤ੍ਰ, ਜ਼ੇਵਰ ਆਵੇ ਉਸੇ ਨੂੰ ਬਖਸ਼ਣ ਲਗੇ। ਦੂਸਰੇ ਨਫਰਾਂ ਨੇ ਈਰਖਾ ਕਰਕੇ ਇਕ ਦਿਨ ਚੋਰਾਂ ਨਾਲ ਰਲ ਕੇ ਮਾਰ ਕੁਟ ਕਰ ਚੰਦਨ ਹਰੀਕਾ ਡੇਰਾ ਲੁਟ ਲੀਤਾ । ਜਦ ਗੁਰੂ ਸਾਹਿਬ ਚੋਰ ਪਕੜ ਕਰਕੇ ਸਜ਼ਾ ਦੇਣੇ ਵਾਸਤੇ ਭਾਈ ਚੰਦਨ ਹਰੀ ਕੋ ਪੁਛਤੇ ਭਏ ਇਨ ਕੋ ਕਜਾ ਡੰਡ ਦਿੱਤਾ ਜਾਵੇ ? ਤਦ ਭਾਈ ਚੰਦਨ ਨੇ ਗੁਰੂ ਅੱਗੇ ਬੇਨਤੀ ਕੀਤੀ ਸਚੇ ਪਾਤਸ਼ਾਹ ਆਪ ਕੀ ਕ੍ਰਿਪਾ ਤੇ ਮੈਨੂੰ ਤਾਂ ਸਬ ਮੈਂ ਤੇਰਾ ਹੀ ਸਰੂਪ ਨਜਰ ਆਵਤਾ ਹੈ। ਜੇਕਰ ਮੇਰੀ ਬੇਨਤੀ ਮਾਨਤੇ ਹੋ ਤਾਂ ਹੋਰ ਭੀ ਜੋ ਕੁਛ ਮੇਰੇ ਪਾਸ ਹੈ ਸੋ ਸਬ ਇਨਾਂ ਨੂੰ ਬਖਸ਼ ਕਰ ਛੋਡ ਦੇਵੋ। ਐਸੇ ਸਮਤਾ ਸਾਨੇ ਬ੍ਰਹਮਗਜਾਨ ਕੇ ਬਚਨ ਸੁਣ ਕਰਕੇ ਗੁਰੂ ਸਾਹਿਬ ਨੇ ਫੁਰਮਾਯਾ ਹੇ ਭਾਈ ਚੰਦਨ ਤੂੰ ਤੋ ਐਨ ਬੈਨ ਬ੍ਰਹਮਗਜਾਨੀ ਨਿਰਮਲਾ ਸੰਤ ਹੈਂ, ਤੈਨੇ ਗੁਰੂ ਕੇ ਇਨ ਬਚਨਾਂ ਕਾ ਸਾਰ ਧਾਰਾ ਹੈ ਯਥਾ "ਮਨ ਅਪਨੇ ਤੇ ਬੁਰਾ ਮਿਟਾਨਾ । ਪੇਖੇਸ ਗਲ ਸ੍ਰਿਸਟਿ ਸਾਜਨਾ" ਪੁਨਹ



Digitized by Panjab Digital Library | www.panjabdigilib.org

"ਬ੍ਰਹਮਗਜਾਨੀ ਕੀ ਸਬ ਊਪਰ ਮਇਆ। ਬ੍ਰਹਮਗਜਾਨੀ ਤੇ ਕਛ ਬੁਰਾ ਨ ਭਯਾ।" ਪੁਨਹ "ਈਸ ਜੀਵ ਮੈਂ ਭੇਦ ਨ ਜਾਨੋ। ਸਾਧ ਚੋਰ ਸਬ ਬ੍ਰਹਮ ਪਛਾਨੋ।" ਐਸੇ ਬਰ ਦੇ ਕਰ ਏਕ ਛੰਦ ਉਚਾਰਤੇ ਭਏ। ਸ੍ਰੀ ਮੁਖ ਵਾਕਜ ਪਾਤਸ਼ਾਹੀ ੧੦ ਭਰਟੀ ਛੰਦ॥ "ਚੰਦਨ ਹਰਿ ਭਰ ਚੰਦਨ ਗੁਨ ਸੁਭ ਰੇਖ ਭੇਖ ਚੰਦਨ ਕੀ ਚੰਦਨ ਚੰਦਨ ਸਾਨੀ। ਭਾਲ ਲਾਲ ਧਰ ਬਸਨ ਨਿਰਮਲੇ ਬਨ ਬਨ ਬਨ ਭਵ ਦਹਿਨ ਕ੍ਰਿਸਾਨੀ।" ਟੀਕਾ॥ ਹੇ ਚੰਦਨ ਹਰੀ ਭਰੇ ਹੂਏ ਚੰਦਨ ਸੈਂ ਅਧਿਕ ਸੀਤਲਤਾ ਆਦਿਕ ਗੁਣੋਂ ਕੇ ਤੇਰੇ ਸੁਭ ਭੇਖ ਦੀ ਰੇਖ ਚੰਦਨ ਔਰ ਚੰਦ ਕੀ ਚਾਦਨੀ ਸਮ ਪ੍ਰਕਾਸ਼ੇਗੀ। ਭਾਲ ਪਰ ਲਾਲ ਬਸਤ੍ਰ ਧਾਰ ਕੇ ਨਿਰਮਲੇ ਨਾਮ ਸੈਂ ਸੰਤ ਬਣ ਕੇ ਬਣੇ ਹੂਏ ਸੰਸਾਰ ਬਣ ਕੋ ਗਜਾਨ ਅਗਨੀ ਕਰ ਦਾਹ ਕਰਕੇ ਜੀਵਨ ਮੁਕਤਿ ਹੂਏ ਵਿਚਰੇਂਗੇ। ਇਤਜਰਥਹ।

ਬਖਸ਼ਸ਼ ੪॥ ਏਕ ਸਮੇਂ ਸ੍ਰੀ ਗੁਰੂ ਕਲਗੀਧਰ ਮੇਘ ਨਦੀ ਹੰਸ ਕੇ ਸਮਾਨ ਅਨੇਕ ਸਿੱਖਾਂ ਦੇ ਉੱਧਾਰ ਵਾਸਤੇ ਵਿਚਰਤੇ ਹੂਏ ਸੁਢੀਅਰ ਪਿੰਡ ਮੈਂ ਜਾਇ ਉਤਰੇ। ਉਸ ਵਕਤ ਓਸ ਮਾਲਵੇ ਦੇਸ ਮੈਂ ਬਰਖਾ ਨਾ ਹੋਣੇ ਦੇ ਸਬਬ ਕਾਲ ਪੜਾ ਹੂਆ ਥਾ। ਇਸ ਲੀਏ ਨਗਰ ਨਿਵਾਸੀ ਲੋਕਾਂ ਨੇ ਗੁਰੂ ਸਾਹਿਬ ਦੇ ਲੰਗਰ ਵਾਸਤੇ ਰਸਤ ਦੇਕਰ ਹੋਰ ਸਬ ਸਿੱਖਾਂ ਦਾ ਨਜੋਤਾ ਘਰ ਘਰ ਮੈਂ ਲਗਾਇ ਦੀਆ। ਜਬ ਸਬ ਸਿੱਖ ਭੋਜਨ ਛਕ ਆਏ ਤਬ ਗੁਰੂ ਜੀ ਨੇ ਪੂਛਜਾ, ਭਾਈ ਸਿੱਖੋ! ਕੈਸਾ ੨ ਪ੍ਰਸ਼ਾਦ ਛਕ ਆਏ ਹੋ? ਤਬ ਕਿਸੀ ਨੇ ਮੋਠਾਂ ਦੀ ਰੋਟੀ, ਕਿਸੇ ਨੇ ਮੋਠ ਬਾਜਰੇ ਦੀ ਖਿਚੜੀ, ਬਿਨਾ ਨੂਣ ਕਿਸੇ ਨੇ ਪੁਰਾਣੀ ਜਵਾਰ ਦਾ ਦਲੀਆ ਅਲੂਣਾ, ਕਿਸੈ ਨੇ ਬੋਦੇ ਅੰਨ ਦੀ ਰੋਟੀ, ਕਿਸੇ ਨੇ ਡੇਲੇ ਰਿੱਧੇ ਹੋਏ, ਕਿਸੇ ਨੇ ਜੰਡਫਲੀ, ਐਸੇ ੨ ਬਹੁਤ ਬੇਪਸਿੰਦੀ ਸੈਂ ਬਤਾਏ। ਏਕ ਗੱਜਾ ਸਿੰਘ ਨੇ ਕਹਾ ਸਚੇ ਪਾਤਸ਼ਾਹ ਮੈਂ ਤਾਂ ਅਤੀ ਉੱਤਮ ਅੰਮ੍ਰਿਤ ਭੋਜਨ ਪਾਯਾ ਹੈ ਏਹ ਬਾਤ ਸੁਣ ਕੇ ਨਗਰ ਨਿਵਾਸੀ



Digitized by Panjab Digital Library | www.panjabdigilib.org

ਹੋਰ ਲੋਗਾਂ ਨੇ ਅਚਰਜ ਮੰਨਕੇ ਅਰਜ਼ ਕਰੀ, ਹੇ ਸਤਗੁਰੋ ! ਜਿਸ ਸਿੱਖ ਦੇ ਘਰ ਏਹੁ ਸਿੱਖ ਗਯਾ ਸੀ ਓਸਦੇ ਘਰ ਤਾਂ ਕਈ ਕਈ ਦਿਨ ਫਾਕੇ ਜਾਂਦੇ ਹਨ। ਗੁਰੂ ਜੀ ਨੇ ਓਸ ਗ੍ਰੇਹੀ ਸਿੱਖ ਨੂੰ ਬੁਲਾ ਕੇ ਪੁੱਛਯਾ ਤਾਂ ਉਸ ਸੁਦਾਮੇ ਜੈਸੇ ਪ੍ਰੇਮੀ ਭਗਤ ਨੇ ਅਪਨੇ ਨੇਤ੍ਰਾਂ ਸੇ ਜਲ ਬਹਾਇ ਕੇ ਅਰਜ਼ ਕਰੀ ਸੱਚੇ ਪਾਤਸ਼ਾਹ ਆਪ ਘਟ ਘਟ ਕੀ ਜਾਣਤੇ ਹੋ, ਮੇਰੇ ਘਰ ਸੂਕੀ ਪੀਲੂੰ ਜੰਡ ਫਲੀ ਥੋੜੀ ਸੀ ਥੀ, ਸੋਈ ਕੋਰੇ ਠੀਕਰੇ ਵਿਚ ਭਿਗੋਇਕੇ ਇਸ ਸਿੱਖ ਅੱਗੇ ਰਖੀ ਥੀ। ਏਹੁ ਸੰਤੋਖੀ ਪੁਰਖ ਓਹੋ ਛਕ ਕੇ ਅਰਦਾਸ ਕਰਕੇ ਅਸੀਸ ਦੇ ਕਰ ਚਲਾ ਆਯਾ ਹੈ, ਮੈਥੋਂ ਕੁਛ ਸੇਵਾ ਨਹੀਂ ਹੋਈ। ਮੈਂ ਬਹੁਤ ਗਰੀਬ ਹਾਂ ਜੀ, ਐਸੇ ਹਵਾਲ ਸੁਣਕੇ ਗੁਰੂ ਸਾਹਿਬ ਨੇ ਤੀਨ ਵਾਰ ਧੰਨਯ ਸਿੱਖੀ ਕਹਿ ਕਰ "ਸਤੀ ਦੇ ਸੰਤੋਖੀ ਖਾਇ । ਤਉ ਨਾਨਕ ਦਰ ਦੀਦਾਰ ਸਮਾਇ" ਏਹੁ ਤੁਕ ਪੜ੍ਹ ਕੇ ਫੁਰਮਾਯਾ, ਭਾਈ ਸਿੱਖੋ ! ਏਹੋ ਜੇਹੀ ਸਿੱਖੀ ਦਾ ਨਾਮ ਖੰਡਯੋਂ ਤਿੱਖੀ ਵਾਲੋਂ ਨਿੱਕੀ ਹੈ, ਐਸੇ ੨ ਪਰਮ ਸੰਤੋਖੀ ਪੁਰਖ ਪਰਾਏ ਪੜਦੇ ਕੱਜਣ ਵਾਲੇ ਜ਼ਿਮੀ ਆਸਮਾਨ ਕਾ ਆਸਰਾ ਪੰਥ ਖਾਲਸੇ ਕਾ ਥੰਭਾ ਹੈ। ਐਸੇ ਕਹਿ ਕਰ ਪੁਨਾ ਗੁਰੂ ਜੀ ਨੇ ਛੰਦ ਉਚਾਰਨ ਕੀਆ ਤਥਾਹੀ "ਸ੍ਰੀ ਮੁਖਵਾਕ੍ਯ ਪਾਤਸ਼ਾਹੀ ੧੦ ਗਰਟੀਛੰਦ ॥ ਸੁਨ ਗੱਜਾ ਹਰਿ ਭਵ ਭਵ ਭਵ ਬਰ ਸੁਨ ਕਰ ਧਰ ਕਰ ਧਾਰੋ। ਤੁਸ਼ਟ ਤੁਸ਼ਟ ਮੈਂ ਤੁਸ਼ਟ ਤੋਂਹਿ ਪਰ ਤੁਸ਼ਿਟ ਆਦਿ ਗੁਨ ਧਾਰੋ। ਭਵ ਭਵ ਭੇਖ ਰੇਖ ਗੁਨ ਧਰਨੀ ਧਰਨੀ ਨਿਰਮਲ ਨਾਮਾ। ਨਿਰਮਲ ਬਾਨੀ ਪਠ ਠਤ ਨਿਰਮਲ ਨਿਰਮਲ ਪਟ ਗੁਨ ਧਾਮਾ। ਟੀਕਾ ॥ ਸੁਨ ਭਾਈ ਗੱਜਾ ਸਿੰਘ ਭਵਃ ਹੋਵੇ ਭਵਃ ਸੰਸਾਰ ਮੇਂ ਭਵ ਬਰਃ ਕਲਯਾਨ ਸ਼੍ਰੇਸ਼ਟ ਤੁਮ੍ਹਾਰੇ ਜੈਸੇ ਸਿੱਖੋਂ ਦੀ ਜਿਨ੍ਹੋ ਨੇ ਗੁਰੂ ਕੇ ਬਚਨ ਸੁਨ ਕਰ ਧਾਰਨ ਕਰੇ ਹੈਂ ਧਾਰੋਃ ਮਾਨੋ ਏਹੁ ਬਾਤ ਨਿਸਚੇ ॥੧॥ ਤੁਸ਼ਟ ਹਾਂ ਮੈਂ ਤੁਮ ਜੈਸੇ ਸਿੱਖੋਂ ਪਰ ਤੀਨ ਬਾਰ ਕਹਨਾ ਪ੍ਰਤੱਗਯਾ ਸਮਝਨੀ ਤੁਸ਼ਿਟ ਆਦਿ ਗੁਨ ਧਾਰੋਃ ਤੁਮ ਸੰਤੋਖਾਦਿਕ



Digitized by Panjab Digital Library | www.panjabdigilib.org

ਗੁਣਾਂ ਕੋ ਹੋਰ ਬੀ ਜ਼ਜਾਦੇ ਧਾਰੋ । ਲੋਕ ਪ੍ਰਲੋਕ ਮੈਂ ਉੱਤਮ ਗੁਣੋਂ ਕੀ ਬਡਜਾਈ ਹੈ ਜਾਤਿ ਬਰਣ ਧਨ ਬਿਦਜਾ ਕੀ ਬਡਜਾਈ ਨਹੀਂ ॥੨॥ ਇਸ ਵਾਸਤੇ ਭਵ: ਹੋਵੇ ਪ੍ਰਸਿੱਧ ਭਵ: ਸੰਸਾਰ ਮੈਂ ਭੇਖ ਰੇਖ ਇਸ ਨਿਰਮਲ ਭੇਖ ਦੀ ਨਿਸ਼ਾਨੀ ਔਰ ਹੁਨ ਧਰਨੀ: ਬੇਦ ਬਿੱਦਜਾਦਿਕ ਗੁਣੋਂ ਕੇ ਧਾਰਨੇ ਵਾਲੀ ਤੁਮ੍ਹਾਰੀ ਸੰਪ੍ਰਦਾਇ ਧਰਨੀ ਨਿਰਮਲ ਨਾਮਾ: ਨਿਰਮਲ ਨਾਮ ਕੇ ਧਾਰਨੇ ਵਾਲੀ ॥ ੩ ॥ ਨਿਰਮਲ ਬਾਨੀ: ਦ੍ਵੈਤ ਮਲ ਰਹਿਤ ਅਦ੍ਵੈਤ ਮਤ ਪ੍ਰਤਿਪਾਦਕ ਗੁਰੂ ਬੇਦ ਬਾਣੀ ਪਠਠਤ ਨਿਰਮਲ: ਜਿਸ ਕੇ ਪੜ੍ਹਨੇ ਤੇ ਪੁਰਖ ਨਿਰਮਲ ਪਟ ਗੁਣ ਧਾਮਾ: ਸੁੱਧ ਸ੍ਰੇਸ਼ਟ ਗੁਣੋਂ ਕਾ ਔਰ ਪਟੁ: ਚਤੁਰਾਈ ਕਾ ਘਰ ਹੋ ਜਾਤਾ ਹੈ ॥੪॥ ਭਾਵ ਯਹ, ਹੇ ਭਾਈ ਗੱਜਾ ਸਿੰਘ ਸੰਤੋਖਾਦਿਕ ਗੁਣੋਂ ਕੇ ਧਾਰਨੇ ਵਾਲੇ ਪਰ ਹਮ ਬਹੁਤ ਖੁਸ਼ੀ ਹੈਂ। ਤੁਮ ਜੈਸੇ ਪਰਮ ਸੰਤੋਖੀ ਪੁਰਖੋਂ ਕੀ ਸੰਪ੍ਰਦਾਇ ਨਿਰਮਲ ਭੇਖ ਦੀ ਨਿਸ਼ਾਨੀ ਕਾਖਾਇ ਬਸਤ੍ਰ ਔਰ ਉਤਮ ਗੁਣ ਧਾਰਨ ਵਾਲੀ ਜਗਤ ਮੈਂ ਪ੍ਰਸਿੱਧ ਹੋਵੇਗੀ ।

ਬਖ਼ਸ਼ਸ਼ ੫ ॥ ਸਾਹਿਬ ਰਾਮ ਕੌਰ ਜੀ ਕਹਤੇ ਭਏ, ਹੇ ਖਾਲਸਾ ਜੀ! ਏਕ ਰੋਜ ਭਾਈ ਦਯਾ ਸਿੰਘ ਆਦਿਕ ਪ੍ਰੇਮੀ ਸਿੱਖਾਂ ਨੇ ਦਸਮੇਂ ਪਾਤਸ਼ਾਹ ਜੀ ਅੱਗੇ ਬੇਨਤੀ ਕਰ ਖਾਲਸੇ ਦੇ ਲੱਖਯਣ ਪੂਛੇ । ਤਬ ਗੁਰੂ ਜੀ ਨੇ ਏਕ ਛੰਦ ਉਚਾਰਨ ਕੀਆ:–"ਪਦਾਛੰਦਾ ॥

ਐਸੋ ਖਾਲਸਾ ਖਾਲਸ ਪਦ ਪ੍ਰਾਪਤ ਕੱਛ, ਕ੍ਰਿਪਾਨ, ਕੇਸ ਤ੍ਰੈ ਮੁੱਦ੍ਰਾ ਮਾਨੈ ।
ਤਾਂਕੀ ਰਹਿਤ ਸ਼੍ਰੁਤਿ ਉਕਤ ਭਾਖਤ ਦਸ ਗ੍ਰਾਹੀ ਖਾਲਸਾ ਪ੍ਰਧਾਨੈ ।
ਦਯਾ, ਦਾਨ, ਛਿਮਾ, ਇਸ਼ਨਾਨ, ਸੀਲ, ਸੁਚ,
ਸਤ ਸੰਭਾਖਨ, ਸਾਧਨਸਿਧ, ਸੂਰ, ਭਗਤ ਪ੍ਰਮਾਨੈ ।
ਤਜਾਗੀ ਦਸ ਬਿਰੋਧਮਤ, ਹਿੰਸਾ, ਹੰਕਾਰੰ, ਆਲਸ, ਕ੍ਰਿਪਨਤਾ, ਅੱਪ੍ਰਮਾਨੈ ।
ਕਠੋਰਤਾ, ਜੜਤਾ, ਕੁਚੀਲਤਾ, ਅਸ਼ੌਚਤਾ, ਕਲਮਾ ਨਹਿ ਮਾਨੈ ।



Digitized by Panjab Digital Library | www.panjabdigilib.org

ਰੀਤਿ ਹੰਸ ਮੁਨਿ ਰਿਖਿ ਬਟੁ ਛੱਤ੍ਰੀ ਦੋ ਬਿਧਿ ਪੰਥ ਸਿੱਧ ਮਮ ਜਾਨੈਂ।
ਐਸੇ ਗੁਨ ਹਰੀ ਖਾਲਸੇ ਬਖਸੇ ਭਗਤ ਗਿਆਨੀ ਰਾਜ ਜੋਗੇਸ਼ਰ।
ਖਜ ਤੈ ਬ੍ਰਿਤਿ ਅਨੱਨਜ ਉਪਾਸ਼ਕ ਤਿਆਗੀ ਸੰਤ ਸੂਰ ਭੁਵਨੇਸ਼ਰ।
ਗ੍ਰਾਹੀ ਸੁਭ ਤਿਆਗੀ ਸੁ ਬਿਵਰਜਿਤ ਸ਼ਰੁਤਿ ਆਗਜਾ ਸ੍ਰੀ ਮੁਖ ਪ੍ਰਮੇਸ਼ਰ।
ਗੀਤਾ ਉਪਨਿਸ਼ਦ ਮਹਾਵਾਕਜ ਕੀ ਰਹਿਣੀ ਭਗਤਿ ਭਾਉ ਗਜਾਨੀ ਬ੍ਰਿੱਤੇਸ਼ਰ॥

ਦੋਹਰਾ॥ ਆਤਮ ਰਸ ਜੋ ਜਾਨਹੀ ਸੋਹੈ ਖਾਲਸਾ ਦੇਵ।
ਪ੍ਰਭੁ ਮੈਂ ਮੋ ਮੈਂ ਤਾਸ ਮੈਂ ਰੰਚਕ ਨਾਹਿਨ ਭੇਵ।
ਸ਼ਰੁਤਿ ਸਿੰਮ੍ਰਿਤਿ ਪਠ ਬਟੂ ਬਨ ਗਹਿ ਬਿੱਪ੍ਰਨ ਕੀ ਰੀਤਿ।
ਫਿਰੈਂ ਭੇਖ ਧਰ ਸ਼ਸਤ੍ਰ ਤਜ ਮੇਰੇ ਸਿੱਖ ਅਭੀਤ।

ਅਰਥ ਸਪਸ਼ਟ ਹੈ ਏਹੁ ਸਾਖੀ ਸਰਬ ਲੋਹ ਕੇ ਤੇਰੁਵੇਂ ਪ੍ਰਕਾਸ਼ ਮੇਂ ਹੈ।

ਬਖਸ਼ਸ਼ ੬॥ ਏਕ ਦਿਨ ਗੁਰੂ ਦਸਮੇਂ ਪਾਤਸ਼ਾਹ ਭੇਸ਼ ਬਦਲ ਕਰ ਭਾਈ ਨੰਦ ਲਾਲ ਕੋ ਸਾਥ ਲੈ ਕੇ ਸਿੱਖਾਂ ਦੇ ਪਰਖਨ ਵਾਸਤੇ ਬਡੇ ਅੰਮ੍ਰਿਤ ਵੇਲੇ ਡੇਰੋ ਡੇਰੀ ਫਿਰ ਨਿਕਲੇ। ਜੇੜੇ ਸਿੱਖ ਸੁੱਤੇ ਪਏ ਦੇਖੇ ਓਥੇ "ਸੂਤੇ ਗਏ ਮੁਹਾਇ" ਏਹੁ ਬਚਨ ਪੜ੍ਹ ਕੇ ਉਨ ਕੌ ਤਮੋ ਗੁਨੀ ਆਲਸੀ ਖਾਲਸਾ ਬਤਾਯਾ ਅਤੇ ਜੋ ਉਸਤੁਤਿ ਨਿੰਦਾ ਅਪਨੇ ਬਿਗਾਨੇ ਬਿਹਾਰ ਦੀਆਂ ਬਾਤਾਂ ਕਰਦੇ ਸੁਣੇ ਉਨਕੇ ਪਰਥਾਇ "ਨਿੰਦਾ ਭਲੀ ਕਿਸੇ ਦੀ ਨਾਂਹੀ ਮੂਰਖ ਮੁਗਧ ਕਰੇਨਿ।" "ਮਨਮੁਖ ਗੱਲਾਂ ਗੋਈਆ" "ਗੱਲੀਂ ਜੋਗ ਨ ਹੋਈ"। ਏਹੁ ਤੁਕਾਂ ਪੜ੍ਹ ਕੇ ਉਨਕੋ ਰਜੋ ਗੁਨੀ ਸੰਸਾਰੀ ਖਾਲਸਾ ਕਹਿਤੇ ਭਏ ਔਰ ਜੋ ਘੋੜਜੋਂ ਕੀ ਟਹਿਲ ਯਾ ਗਜਾਨ ਚਰਚਾ ਯਾ ਬਾਣੀ ਪੜ੍ਹਤੇ ਯਾ ਚੁਪਕੇ ਭਜਨ ਕਰਤੇ ਦੇਖੇ ਉਨਕੇ ਪਰਥਾਇ "ਬਾਣੀ ਗੁਰੂ ਹੈ ਬਾਣੀ ਗੁਰੁ ਬਾਣੀ ਸੇਤੀ ਬਣੀਏ।" "ਸਬਦ ਰਤੇ ਸੇ ਨਿਰਮਲੇ"



Digitized by Panjab Digital Library | www.panjabdigilib.org

ਇੱਤਜਾਦਿਕ ਬਚਨ ਗ੍ਰੰਥ ਸਾਹਿਬ ਕੇ ਪੜ੍ਹ ਕੇ ਉਨਕੋ ਨਿਰਮਲ ਪੰਥ ਖਾਲਸਾ ਖਿਤਾਬ ਦੇਤੇ ਭਏ। ਜਬ ਗੁਰੂ ਕੇ ਦੀਵਾਨ ਮੈਂ ਸਬ ਸਿੰਘ ਆਏ ਤਬ ਬਚਨ ਕੀਤਾ "ਹੈਨ ਬਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ।" ਹੇ ਭਾਈ ਸਿੱਖੋ ਗੁਰੂ ਨਾਨਕ ਜੀ ਨੇ ਪਿਛਲੇ ਸਬ ਕਠਿਨ ਸਾਧਨ ਛੁਡਾ ਕੇ ਨਾਮ, ਦਾਨ, ਇਸ਼ਨਾਨ, ਅੰਮ੍ਰਿਤ ਵੇਲੇ ਜਾਗਣਾ, ਸਤ ਸੰਗ, ਸੇਵਾ, ਭਗਤੀ ਕਰਨੀ ਏਹੁ ਸੁਖੈਨ ਮਾਰਗ ਮੁਕਤੀ ਕਾ ਚਲਾਯਾ ਹੈ ਸੋ ਤੁਮ ਐਸੇ ਸੁਖਾਲੇ ਰਸਤੇ ਭੀ ਨਹੀਂ ਚਲਦੇ ਤਾਂ ਤੁਮਾਰੀ ਕੱਲਜਾਣ ਕੈਸੇ ਹੋਵੇਗੀ। "ਮਾਨਸ ਜਨਮ ਦੁਲੰਭ ਹੈ ਹੋਇ ਨ ਬਾਰੰਬਾਰ।" ਰਾਤ੍ਰਿ ਕਾ ਅੰਤ ਸਮਾਂ ਮਨੁੱਖਾ ਜਨਮ ਸਤਸੰਗ ਏਹੁ ਤੀਨੋ ਅੰਮ੍ਰਿਤ ਵੇਲੇ ਹੈਂ ਇਨਮੈਂ ਅਪਨਾ ਜਨਮ ਸਫਲ ਕਰ ਲੇਣਾ ਚਾਹੀਏ ਭਾਈ ਸਿੱਖੋ! ਬਿਨਾ ਸਤਸੰਗ ਪੁਰਖ ਕੋ ਪ੍ਰਭੂ ਕੇ ਪ੍ਰੇਮ ਕਾ ਰੰਗ ਨਹੀਂ ਚੜ੍ਹਤਾ, ਬਿਨਾ ਪ੍ਰੇਮਾ ਭਗਤੀ ਬੈਰਾਗ ਤੇ ਬਵੇਕ ਨਹੀਂ ਹੋਤਾ ਤਾਂਤੇ ਅੰਮ੍ਰਿਤ ਵੇਲੇ ਉਠ ਕੇ ਭਜਨ ਕਰੋ ਏਹੀ ਪ੍ਰਮੇਸ਼ਰ ਕੇ ਮਿਲਾਪ ਕਾ ਦੁਆਰਾ ਹੈ।

ਬਖਸ਼ਸ਼ ੭। ਇਕ ਸਮੇਂ ਆਨੰਦਪੁਰ ਮੈਂ ਬਹੁਤ ਸਿੱਖ ਸਾਧੂ ਰਹਿਣੇ ਲਗੇ ਤੇ ਭਾਈ ਨੰਦ ਲਾਲ, ਭਾਈ ਦਜਾਲਾ, ਬਖਤ ਮਲ, ਅਜੀਤ ਮੱਲ, ਨੰਦ ਚੰਦ, ਏਹੁ ਧਨੀ ਮਸੰਦ ਥੇ ਔਰ ਸੂਰਤ ਸਿੰਘ, ਆਗਰੇ ਵਾਲਾ ਦੀਵਾਨ, ਕਾਬਲੀ ਮੱਲ, ਸਾਂਗਾਰਾਣਾ, ਰਾਜਪੂਤ ਡੀਡਵਾਣੇ ਦਾ, ਰਾਇ ਊਦਾ ਅਮੇੜ ਤੇ ਵਾਲਾ, ਰਾਇ ਗੋਰਾ, ਭਟਨੇਰੀ ਇੱਤਜਾਦਿ ਧਨੀ ਲੋਗ ਰਾਜੇ ਜੋ ਬਾਦਸ਼ਾਹ ਸੈਂ ਬਾਗੀ ਹੋ ਕਰ ਗੁਰੂ ਜੀ ਕੇ ਪਾਸ ਆਇ ਰਹੇ ਥੇ ਸਬ ਨੂੰ ਗੁਰੂ ਸਾਹਿਬ ਨੇ ਫੁਰਮਾਯਾ ਤੁਮ ਜਥਾ ਸ਼ਕਤਿ ਸਾਧਾਂ ਸਿੱਖਾਂ ਅਭਜਾਗਤਾਂ ਕੋ ਲੰਗਰ ਦੀਆ ਕਰੋ, ਬਡੀ ਖੁਸ਼ੀ ਨਾਲ ਬਚਨ ਮਾਨ ਕਰ ਲੰਗਰ ਦੇਣ ਲੱਗੇ ਔਰ ਭਾਈ ਕਰਮ ਸਿੰਘ, ਰਾਮ ਸਿੰਘ, ਬੀਰ ਸਿੰਘ, ਨੰਦ ਲਾਲ ਆਦਿਕ ਬਿੱਦਾਨੋ ਪਾਸ ਹਰ ਵਕਤ ਬੇਦਾਂਤ ਬਿੱਦਜਾ ਔਰ



Digitized by Panjab Digital Library | www.panjabdigilib.org

ਸਤਸੰਗ ਦੀ ਚਰਚਾ ਦਾ ਪਰਚਾ ਬਹੁਤ ਰਹਿਣੇ ਲਗਾ। ਜੇੜੇ ਸਿੱਖ ਸੱਚੇ ਲੰਗਰ ਦੇਣ ਵਾਲਜਾਂ ਦੀ ਸੋਭਾ ਸੁਣ ਕੇ ਆਪ ਭੀ ਦੋ ਚਾਰ ਅੱਭਜਾਗਤਾਂ ਕੋ ਏਕ ਏਕ ਫੁਲਕਾ ਦੇ ਕੇ ਦਸ ਪੰਦ੍ਰਾਂ ਪੱਤਲਾਂ ਆਪਣੇ ਕੁਟੰਬ ਦੀਆਂ ਜੂਠੀਆਂ ਲੋਗ ਦਿਖਾਵਾ ਗਲੀ ਮੈ ਗੇਰ ਕੇ ਆਪਣਾ ਦਾਤਾ-ਪਣਾ ਜਾਹਰ ਕਰਨ ਵਾਸਤੇ ਗੁਰੂ ਸਾਹਿਬ ਦੀ ਸਭਾ ਮੈਂ ਗਿੱਬਦੇ ਹੁੰਦੇ ਸੇ। ਏਕ ਰੋਜ਼ ਓਨ੍ਹਾਂ ਦੀ ਪ੍ਰੀਖਜਾ ਵਾਸਤੇ ਗੁਰੂ ਜੀ ਫਕੀਰੀ ਵੇਸ ਧਾਰ ਕੇ ਰਾਤ ਵਕਤ ਭਾਈ ਧਰਮ ਸਿੰਘ ਕੋ ਸਾਥ ਲੇ ਕਰ ਭਿੱਛਜਾ ਮਾਂਗਣੇ ਜਾਤੇ ਭਏ। ਜੋ ਗੱਲਾਂ ਦੇ ਘਾੜੂ ਅਪਣੇ ਲੰਗਰ ਦੀ ਮਹਿਮਾਂ ਆਪੇ ਹੀ ਕਰਦੇ ਹੁੰਦੇ ਸਨ, ਓਨ੍ਹਾਂ ਵਿਚੋਂ ਕਿਸੇ ਨੇ ਕਿਹਾ, ਅਜੇ ਤਿਆਰ ਨਹੀਂ ਹੋਯਾ. ਕਿਸੇ ਨੇ ਕਹਜਾ, ਬਰਤ ਗਯਾ ਹੈ, ਕਿਸੇ ਨੇ ਕੁਵੇਲੇ ਦਾ ਮੰਗਤਾ ਦੱਸਜਾ, ਕਿਸੀ ਨੇ ਨਵਾਂ ਜੋਗੀ ਆਯਾ ਸੁਨਾਯਾ, ਕਿਸੀ ਨੇ ਬੇਹਾ ਫੁਲਕਾ, ਕਿਸੀ ਨੇ ਖਿਕੜੀ ਦੀ ਕੜਛੀ ਦਿਤੀ। ਜੇੜ੍ਹੇ ਭਾਈ ਨੰਦ ਲਾਲ ਜੈਸੇ ਸੱਚੇ ਦਾਤੇ ਥੇ, ਓਨ੍ਹਾ ਨੇ ਪੂਰਾ ਭੋਜਨ ਦਿੱਤਾ। ਗੁਰੂ ਜੀ ਨੇ ਡੇਰੇ ਆਇਕੇ ਓਹੋ ਝੋਲ੍ਹੀ ਰੱਖ ਛੱਡੀ ਦੂਸਰੇ ਦਿਨ ਸਭਾ ਮੈਂ ਸਭ ਕੋ ਸਭ ਪ੍ਰਸੰਗ ਸੁਨਾਇਕੈ ਓਹੋ ਭਿੱਛਜਾ ਦਾ ਭੋਜਨ ਦਿਖਾ ਕੇ ਕੂੜੇ ਸਦਾ ਬਰਤੀਆਂ ਕੂੰ ਸਰਮਿੰਦਗੀ ਦੇ ਬੁਰਕੇ, ਸੱਚਜਾਂ ਨੂੰ ਇੱਜ਼ਤ ਦੇ ਖਿਲਤ ਅਰਥਾਤ ਸਿਰੋਪਾਉ ਬਖਸ਼ੇ। ਓਹ ਫਕੀਰੀ ਲਿਬਾਸ ਭਿੱਛਜਾ ਦੀ ਝੋਲੀ ਭਾਈ ਚੰਦਨ ਸਿੰਘ ਕੋ ਬਖਸ਼ ਕਰ ਬਰ ਦੇਤੇ ਭਏ। ਐਸੇ ਭਿੱਖਸ਼ੂ ਬਿਰੱਕਤ ਨਿਰਮਲੇ ਸਿੰਘ ਬਹੁਤ ਹੋਣਗੇ। ਤਬ ਸੈਂ ਮਧੂਕੜੀ ਮਾਂਗ ਕੇ ਖਾਣੇ ਦਾ ਰਿਵਾਜ ਹੈ। ਇਹ ਸਾਖੀ ਤੀਸਰੀ ਰੁਤ ਮੈਂ ਸੰਛੇਪ ਤੇ ਲਿਖੀ ਹੈ ਤੇ ਭਾਈ ਸੂਰੇ ਮੁਲਤਾਨੀ ਦੀ ਸਾਖੀਆਂ ਮੈਂ ਬਿਸਤਾਰ ਸੈਂ ਲਿਖੀ ਹੈ।

ਬਖਸ਼ਸ਼ ੮ ॥ ਏਕ ਸਮੈਂ ਗੁਰੂਕੇ ਦੀਵਾਨ ਮੈ ਸਾਂਗੀਆਂ ਨੇ ਆਇ ਕੇ ਅਨੇਕ ਪ੍ਰਕਾਰ ਦੇ ਰੂਪਕ ਪ੍ਰਸੰਗ ਔਰ ਸਾਂਗ ਐਸੇ ਦਿਖਾਏ ਸੁਣਾਏ ਜੋ ਹਾਸ ਬਿਲਾਸ ਦੇ ਵਿਚ ਬਹੁਤ ਸਿੰਘਾਂ ਦੇ ਮਨ ਚੰਚਲ ਹੋ ਕਰ



Digitized by Panjab Digital Library | www.panjabdigilib.org

ਭਗਤੀ ਭਜਨ ਗੁਰੂ ਜੀ ਕੇ ਅਦਬ ਭੂਲ ਗਏ। ਜਬ ਗੁਰੂ ਜੀ ਨੇ ਦ੍ਰਿਸ਼ਟੀ ਪਸਾਰ ਕੇ ਦੇਖਤਾ ਤਾਂ ਭਾਈ ਧਰਮ ਸਿੰਘ ਆਦਿਕ ਪੰਜੇ ਪਜਾਰੇ ਰਾਮ ਸਿੰਘ, ਕਰਮ ਸਿੰਘ, ਸੇਵਾ ਸਿੰਘ ਪ੍ਰਸਾਦ ਸਿੰਘ ਆਦਿਕ ੧੭ ਸਿੱਖਾਂ ਦੇ ਮਨ ਭਜਨ ਮੈਂ ਇਸਥਿਤ ਦੇਖੇ। ਤਦ ਬਚਨ ਕੀਤਾ ਭਾਈ ਸਿੱਖੋ ! ਇਸੇ ਵਾਸਤੇ ਪਰਮੇਸ਼ਰ ਦੇ ਪ੍ਰੇਮੀ ਪੁਰਖਾਂ ਕੋ ਤਮਾਸ਼ਾ ਦੇਖਣਾ ਅਨਰਥ ਕਾ ਹੇਤੂ ਲਿਖਾ ਹੈ ਔਰ ਗੁਰੂ ਨਾਨਕ ਜੀ ਕਾ ਭੀ ਬਚਨ ਹੈ।

"ਚੰਚਲਚੀਤ ਨ ਚਾਇ ਤਮਾਸ਼ੇ।
ਜੂਏ ਜਾਇ ਨ ਖੇਲੇ ਪਾਸੇ।
ਅੰਗੇ ਚੰਗੇ ਚਿੱਤ ਨਾ ਲਾਏ।
ਗੁਰੂ ਕਾ ਦਿੱਤਾ ਅੰਕ ਹਢਾਏ।"

ਅਬ ਦੇਖੋ ਬਹੁਤ ਸਿੱਖਾਂ ਦੇ ਮਨ ਚੰਚਲ ਹੋ ਕਰ ਅਪਨੇ ਧਰਮ ਮਰਯਾਦਾ ਸੇਂ ਭੂਲ ਰਹੇ ਹੈਂ। ਜਿਨਕੇ ਮਨ ਭਜਨ ਮੈਂ ਇਸਿਥਿਤ ਹੈਂ ਸਾਂਗੀਓਂ ਕੀ ਚੇਸ਼ਟਾ ਜੋ ਪਰਮਾਰਥ ਮੈਂ ਘਟਾਇਕੇ ਤਮਾਸ਼ਾ ਰੂਪ ਜਗਤ ਕੋ ਮਿਥਤਾ ਸਮਝਤੇ ਹੈਂ। ਐਸੇ ਐਸੇ ਪੁਰਖ "ਆਪ ਤਰੈ ਅਵਰੈਂ ਨਿਸਤਾਰੈ" "ਗੁਰਮੁਖ ਇੱਕੀ ਕੁਲਾ ਤਰਾਵੈ।" ਇਨਾ ਬਚਨਾ ਦੇ ਸਾਰ ਨੂੰ ਪਾਇ ਕੇ ਪ੍ਰਮਾਨੰਦ ਵਿਖੇ ਮਗਨ ਹੈ ਜੋ ਇਨਕੀ ਸੰਗਤ ਕਰਨੇ ਵਾਲੇ ਹੈਂ ਓਹ ਭੀ ਭ੍ਰਿੰਗੀ ਕੀਟ ਦੀ ਤਰਾਂ ਸੰਤ ਰੂਪ ਹੋ ਜਾਣਗੇ। ਕਾਹੇ ਤੇ "ਮਨ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ" "ਮਨ ਜੀਤੇ ਜਗ ਜੀਤ" ਐਸੇ ਮਨ ਇੰਦ੍ਰੇ ਰੋਕ ਕਰ ਪਾਰਬ੍ਰਹਮ ਮੈਂ ਬ੍ਰਿਤੀ ਲਗਾਉਣੇ ਵਾਲੇ ਸਤੋ ਗੁਣੀ ਨਿਰਮਲੇ ਸਿੰਘ ਮੇਰੇ ਪੰਥ ਕੇ ਪੂਜਨੀਕ ਬਹੁਤ ਥੋੜੇ ਹੋਵੇਂਗੇ।

ਬਖਸ਼ਸ਼ ੯ ।। ਇਕ ਦਿਨ ਭਾਈ ਚੋਪਾ ਸਿੰਘ ਗੁਰੂ ਕਾ ਖਿਲਾਵਾ ਏਕ ਸੰਤ ਸਿੰਘ ਨਿਰਮਲੇ ਸਿੱਖ ਕੋ ਕੱਛ ਤੇ ਬਿਨਾ ਦੇਖ ਕਰ ਪਕੜ ਕੇ



Digitized by Panjab Digital Library | www.panjabdigilib.org

ਗੁਰੂ ਜੀ ਕੇ ਹਜ਼ੂਰ ਸਭਾ ਮੈਂ ਲੈ ਆਯਾ। ਗੁਰੂ ਸਾਹਿਬ ਨੇ ਪੂਛਯਾ ਤੁਮਨੇ ਕੱਛ ਕ੍ਰਿਪਾਨ ਦੀ ਮਰਯਾਦਾ ਕਜੋਂ ਤਯਾਗੀ ਹੈ? ਉਸਨੇ ਅਰਜ ਕੀਤੀ ਸੱਚੇ ਪਾਤਸ਼ਾਹ ਆਪ ਕੇ ਬਚਨ ਧਾਰਨ ਕਰ ਮੈਂ ਤਾਂ ਪਾਂਚ ਕੋਸ਼ ਤੇ ਅਸੰਗ ਹੋ ਰਹਾ ਹੂੰ। ਕੱਛ ਕ੍ਰਿਪਾਨ ਦੀ ਸ਼ਰਾ ਤੋ ਦੇਹ ਅਭਿਮਾਨੀ ਵਾਸਤੇ ਹੈ ਆਪ ਕਾ ਸਿੱਖ ਬਣ ਕੇ ਜੇਕਰ ਅਸਥੂਲ ਸ਼ਰਾ ਦੇ ਬੰਧਨ ਭੀ ਨਾਂ ਟੁੱਟੇ ਤਦ ਜਮ ਦੇ ਬੰਧਨਾਂ ਤੋਂ ਜੀਵ ਕੈਸੇ ਛੂਟੇਗਾ? ਏਹ ਸੁਣ ਕੇ ਗੁਰੂ ਜੀ ਨੇ ਹੱਸ ਕੇ ਫੁਰਮਾਯਾ, ਭਾਈ ਚੌਪਾ ਸਿੰਘ ਏਹ ਤਾਂ ਕੋਈ ਨਿਰਮਲਾ ਬ੍ਰਹਮਗਯਾਨੀ ਹੈ। ਐਸੇ ਐਸੇ ਬ੍ਰਹਮਗਆਨੀ ਬਿਰਕਤੋਂ ਪਰ ਸ਼ਰਾ ਕਾ ਡੰਡ ਨਹੀਂ ਸ਼ਰਾ ਬਿਹਾਰੀਓਂ ਵਾਸਤੇ ਰਚੀ ਹੈ। ਪੁਨਹ ਭਾਈ ਸੰਤ ਸਿੰਘ ਨੇ ਬੇਨਤੀ ਕੀਤੀ, ਹੇ ਸਤਗੁਰੋ! ਜਬ ਆਪ ਨੇ ਬਚਿੱਤਰ ਨਾਟਕ ਮੈਂ ਹੋਰ ਸਬਨਾ ਭੇਖਾਂ ਪੰਥਾਂ ਕੀ ਸ਼ਰਾ ਖੰਡਨ ਕੀਤੀ ਹੈ, ਤਬ ਅਪਣੀ ਸ਼ਰਾ ਦੇ ਚਿੰਨ੍ਹ ਕੱਛ ਕ੍ਰਿਪਾਨਆਦੀ ਕਜੋਂ ਧਾਰਨ ਕਰਾਏ ਹੈਂ? ਜੇ ਆਪਣੀ ਸ਼ਰਾ ਮਨਾਉਣੀ ਰਖਾਉਣੀ ਸੀ ਤਾਂ ਉਨ੍ਹਾਂ ਦੇ ਕੰਠੀ ਆਦਿਕ ਚਿੰਨ੍ਹ ਖੰਡਨ ਨਹੀਂ ਕਰਨੇ ਥੇ? ਸ਼ਰਾ ਦੇ ਚਿੰਨ੍ਹੋਂ ਮੈਂ ਸਾਧਕ ਬਾਧਕਾ ਸਬਨੂੰ ਸਮਾਨ ਹੈ। ਸ਼ਰਾ ਦੇ ਚਿੰਨ੍ਹ ਬੰਧਨ ਰੂਪ ਸਬ ਦੇ ਏਕ ਜੈਸੇ ਹੈਂ। ਗੁਰੂ ਜੀ ਨੇ ਫੁਰਮਾਯਾ, ਹੇ ਭਾਈ ਸੰਤਾ ਸਿੰਘ! ਕੰਠੀ ਆਦਿਕ ਚਿੰਨੋਂ ਤੈ ਲੋਕ ਪਰਲੋਕ ਦਾ ਕੋਈ ਕੰਮ ਨਹੀਂ ਸਵਰਦਾ ਤਾਤੈ ਨਿਰਾਰਥਕ ਹੈਂ। ਹਮਾਰੀ ਸ਼ਰਾ ਦੇ ਚਿੰਨ੍ਹ ਇਸ ਲੋਕ ਦੇ ਬਿਹਾਰ ਮੈਂ ਬਹੁਤ ਸਹਾਇਕ ਹੈਂ। ਕੱਛ ਸਨਾਤਨ ਛੱਤ੍ਰੀ ਪਹਿਰਤੇ ਰਹੇ ਹੈਂ ਤੇ ਪੜਦਾ ਪੂਰਾ ਹੈ। ਕ੍ਰਿਪਾਨ ਛੱਤ੍ਰੀ ਕਾ ਜਨੇਊ ਹੈ ਔਰ ਅਪਣੀ ਦੇਹੀ ਕੀ ਰੱਖਕ ਬੈਰੀ ਕੋ ਮਾਰਨੇ ਵਾਲੀ ਹੈ। ਕੇਸ ਰੱਖਣੇ ਏਕ ਤੋ ਈਸ਼ਰ ਰਚਤ ਸਮਝ ਕੇ ਰੱਖਣੇ ਯੋਗਯ ਹੈਂ। ਕਾਹੇ ਤੈ ਈਸ਼ਰ ਕੀ ਆਗਯਾ ਪਾਲਣੀ ਮਹਾ ਪੁੱਨਯ ਹੈ ਔਰ ਆਗਯਾ ਭੰਗ ਕਰਨੀ ਅਤਿ ਪਾਪ ਹੈ। ਦੂਸਰੇ ਜੰਗ ਮੈਂ ਸ਼ਸਤ੍ਰ ਲਾਠੀ ਸੇ ਬਚਾਉ ਕਰਤੇ ਹੈਂ। ਤੀਸਰੇ ਸਨਾਤਨ



Digitized by Panjab Digital Library | www.panjabdigilib.org

ਰਿਖੀ, ਮੁਨੀ, ਛੱਤ੍ਰੀ, ਰਾਜੇ ਹਮੇਸ਼ ਕੇਸ਼ ਰੱਖਦੇ ਰਹੇ ਹੈਂ। ਦੇਖੋ ਦੱਤ ਕਪਲ ਬਿਆਸ ਬਸਿਸ਼ਟ ਸੁਕਦੇਵ ਦੁਰਬਾਸਾ ਆਦਿਕ ਰਿਖੀਸ਼ਰੋਂ ਕੀ ਔਰ ਹਿਰਨਕਸ਼ਪੁ ਸਹੱਸ੍ਰਾਬਾਹੁ ਬਲੀ ਕੰਸ ਜਰਾ-ਸੰਧਿ ਆਦਿਕ ਰਾਜਨੋਂ ਕੀ ਤਸਵੀਰਾਂ ਸਬ ਕੇਸੋਂ ਸਮੇਤ ਹੈਂ, ਔਰ ਕਥਾ ਪ੍ਰਸੰਗੋਂ ਮੇਂ ਭੀ ਉਨਕੇ ਕੇਸ ਸਹੀ ਹੋਤੇ ਹੈਂ। ਤਾਂਤੇ ਖਾਲਸੇ ਦੀ ਸ਼ਰਾ ਦੇ ਚਿੰਨ੍ਹ ਸਾਰਥਕ ਹੋਣੇ ਤੈ ਧਾਰਣੇ ਜੋਗਯ ਹੈਂ। ਕੰਠੀ ਆਦਿਕ ਨਿਰਾਰਥਕ ਹੋਣੇ ਤੈ ਧਾਰਣੇ ਜੋਗ ਨਹੀਂ। ਇਸੇ ਵਾਸਤੇ ਉਨਕਾ ਨਿਖੇਧ ਕੀਆ ਹੈ। ਏਹ ਪ੍ਰਸੰਗ ਸੁਣ ਕੇ ਸਾਹਿਬ ਰਾਮ ਕੌਰ ਜੀ ਕੇ ਪਾਸ ਭਾਈ ਗੰਡਾ ਸਿੰਘ ਜੀ ਨੇ ਬੇਨਤੀ ਕੀਤੀ, ਹੇ ਭਗਵਨ ! ਪੂਰਬ ਸਾਖੀ ਮੇਂ ਗੁਰੂ ਸਾਹਿਬ ਨੇ ਕੱਛ ਕੇਸ ਕ੍ਰਿਪਾਨ ਤੀਨ ਚਿੰਨ੍ਹ ਖਾਲਸੇ ਦੇ ਕਹੇ ਹੈਂ। ਅਬ ਪੰਥ ਖਾਲਸੇ ਮੇਂ ਪਾਂਚ ਕੱਕੇ ਚਿੰਨ੍ਹ ਪ੍ਰਸਿੱਧ ਹੈਂ। ਬਲਕੇ ਅੰਮ੍ਰਿਤ ਛਕਾਵਣੇ ਦੇ ਵਕਤ ਭੀ ਪਾਂਚ ਕੱਕੇ ਧਾਰਣੇ ਕਾ ਉਪਦੇਸ਼ ਹੋਤਾ ਹੈ ?

ਏਹ ਪ੍ਰਸ਼ਨ ਸੁਣ ਕੇ ਸਾਹਿਬ ਰਾਮ ਕੌਰ ਜੀ ਬੋਲੇ, ਹੇ ਭਾਈ ਸਿੱਖੋ ! ਗੁਰੂ ਸਾਹਿਬ ਕਾ ਹੁਕਮ ਤੀਨ ਕੱਕੇ ਧਾਰਣੇ ਕਾ ਹੈ। ਜਥਾ "ਕੱਛ ਕੇਸ਼ ਕਿਰਪਾਨ। ਤੀਨ ਮੁੰਦ੍ਰਾ ਪਰਵਾਨ" "ਕੱਛ ਕ੍ਰਿਪਾਨ ਕੇਸ਼ ਤ੍ਰੈ ਮੁੰਦ੍ਰੀ। ਜੋ ਪਹਿਰੈ ਸੋ ਗੁਰੁਸਿਖ ਸੁੰਦ੍ਰੀ।" ਏਹ ਬਚਨ ਸਰਬ ਲੋਹ ਪ੍ਰਕਾਸ਼ ਮੇਂ ਹੈਂ ਹੋਰ ਪਾਂਚ ਕੱਕੇ ਧਾਰਣੇ ਦੇ ਬਾਬਤ ਕੋਈ ਬਚਨ ਗੁਰੂ ਕਾ ਕਿਸੀ ਗ੍ਰੰਥ ਪੋਥੀ ਮੇਂ ਨਹੀਂ। ਕੰਗਾ ਕੇਸ਼ਾਂ ਕੇ ਸੰਗ ਹਮੇਸ਼ਾਂ ਰਹਤਾ ਹੈ। ਕੜੇ ਕਾ ਰਿਵਾਜ ਨਿਹੰਗੋ ਸਿੰਘੋ ਤੈ ਚੱਲਜਾ ਹੈ। ਭਾਈ ਸਿੱਖੋ ਸ਼ਰਾ ਤੀਨ ਪ੍ਰਕਾਰ ਦੀ ਹੋਤੀ ਹੈ ਏਕ "ਕੌਲੀ" ਦੂਸਰੀ "ਫੇਲੀ" ਤੀਸਰੀ "ਰਿਵਾਜੀ" ਜੋ ਹੁਕਮ ਅਚਾਰਯ ਕਾ ਹੋਵੇ ਸੋ ਸਿੱਖਾਂ ਨੇ ਕਰਨਾ ਏਹ ਕੌਲੀ ਸਦਾਵਤੀ ਹੈ। ਜੋ ਕਾਮ ਕੀਆ ਹੋਵੇ ਅਚਾਰਯ ਗੁਰੂ ਨੇ ਸੋ ਕਰਨਾ। ਓਹ ਫੇਲੀ ਕਹਾਵਤੀ ਹੈ। ਜੋ ਗੁਰੂ ਆਚਾਰਯ ਨੇ ਕੀਆ ਨਹੀਂ, ਕਹਾ ਨਹੀਂ, ਰਿਵਾਜ ਚਲ



Digitized by Panjab Digital Library | www.panjabdigilib.org

ਪੜਾ ਹੈ, ਓਹ ਰਿਵਾਜੀ ਹੈ। ਈਹਾਂ ਪਾਂਚ ਕੱਕੇ ਰੱਖਨੇ ਦੀ ਸ਼ਰਾ ਫੇਲੀ ਕੌਲੀ ਦੋਹਾਂ ਵਿੱਚੋਂ ਨਹੀਂ, ਰਿਵਾਜੀ ਹੈ। ਸੋ ਰਿਵਾਜ ਭੀ ਨਿਹੰਗੋਂ ਮੇਂ ਹੈ ਨਿਰਮਲ ਪੰਥ ਮੈਂ ਨਹੀਂ। ਜੈਸੇ ਨਿਹੰਗ-ਪੰਥ ਮੈਂ ਨੀਲੇ ਬਸਤ੍ਰ ਪਹਿਰਨੇ ਕਾ ਰਿਵਾਜ ਹੈ, ਤੈਸੇ ਨਿਰਮਲ ਪੰਥ ਮੈਂ ਕਾਖਾਇ ਰੰਗ ਬਸਤ੍ਰ ਲੰਗੋਟੀ ਪਹਿਰਨੇ ਕਾ ਰਿਵਾਜ ਹੈ। ਜੱਦਜਪਿ ਗੁਰੂ ਨਾਨਕ ਸਾਹਿਬ ਜੀ ਨੇ ਨੀਲ ਰੰਗ ਦਾ ਨਿਖੇਧ ਕੀਤਾ ਹੈ। ਯਥਾ "ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ" ਏਸੇ ਬਚਨ ਦੀ ਪਾਲਣਾ ਲਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤੁਰਕਾਂ ਦੇ ਘੇਰੇ ਵਿੱਚੋਂ ਨਿਕਲਨ ਵਾਸਤੇ ਨੀਲ ਰੰਗ ਪਹਿਰ ਕੇ ਫੇਰ ਓਸੇ ਪੁਸ਼ਾਕ ਨੂੰ ਯਵਨ ਬਾਣਾ ਸਮਝ ਕੇ ਪਾੜ ਪਾੜ ਕਰ ਅਗਨੀ ਵਿਚ ਸਾੜ ਛੱਡਜਾ ਸੀ। ਤੋ ਭੀ ਏਸ ਨੀਲ ਰੰਗ ਦਾ ਰਿਵਾਜ ਤੁਰਕਾਂ ਦੇ ਰਾਜ ਤੋਂ ਐਸਾ ਚੱਲਜਾ ਹੈ ਜੋ ਨਿਹੰਗਾਂ ਸਿੰਘਾਂ ਨੇ ਉਲਟਾ ਏਸੇ ਨੂੰ ਇਸ਼ਟ ਮੰਨ ਕੇ ਧਾਰ ਰੱਖਜਾ ਹੈ। ਏਸ ਦਾ ਨਾਮ ਰਿਵਾਜੀ ਸ਼ਰਾ ਹੈ। ਸੋ ਰਿਵਾਜੀ ਸ਼ਰਾ ਭੀ ਏਕ ਮੁਖਜ, ਲਾਜ਼ਮੀ ਕਹਾਵਤੀ ਹੈ। ਦੂਸਰੀ ਗੌਣ, ਫਰਜੀ ਹੋਤੀ ਹੈ। ਜਿਸ ਚਿੰਨ੍ਹ ਤੇ ਬਿਨਾ ਅਪਨੇ ਮਜ਼ਬ੍ਹ, ਧਰਮ ਮੈਂ ਪੁਰਖ ਖਾਰਜ ਹੋ ਸਕੇ, ਸੋ ਲਾਜਮੀ ਯਾ ਜ਼ਰੂਰੀ, ਮੁੱਖਜ ਸ਼ਰਾ ਹੈ। ਜਿਸ ਤੇ ਬਿਨਾ ਖਾਰਜ ਨਾ ਹੋ ਸਕੇ ਸੋ ਫਰਜੀ, ਗੌਣ ਸ਼ਰਾ ਹੈ। ਜੈਸੇ ਬ੍ਰਹਮਣ ਖਜੱਤ੍ਰੀ, ਛੱਤ੍ਰੀ, ਬਣਨੇ ਦੇ ਵਕਤ ਬ੍ਰਹਮ ਚਰਯ ਮ੍ਰਿਗਛਾਲਾ ਪਊਏ ਭਿਬੂਤੀ ਮੁੰਜ ਦੀ ਤੜਾਗੀ ਝੋਲੀ ਡੰਡਾ ਜਨੇਊ ਬੋਦੀ ਤਿਲਕ ਆਦਿਕ ਬਹੁਤ ਚਿੰਨ੍ਹ ਧਾਰਨ ਕਰਾਏ ਜਾਤੇ ਹੈਂ। ਇਨ ਸਬ ਮੈਂ ਜਨੇਊ ਬੋਦੀ ਰੱਖਣੇ ਮੁਖਜ ਜਰੂਰੀ ਸ਼ਰਾ ਦੇ ਚਿੰਨ੍ਹ ਹੈਂ। ਕਾਹੇ ਤੇ ਇਨ ਦੋਨੋਂ ਬਿਨਾ ਬ੍ਰਹਮਣ ਛੱਤ੍ਰੀ ਅਪਨੇ ਧਰਮ ਅਥਵਾ ਮਜ਼ਬ ਸੇ ਖਾਰਜ ਸਮਝੇ ਜਾਤੇ ਹੈਂ। ਬਾਕੀ ਦੇ ਚਿੰਨ੍ਹੋਂ ਬਿਨਾ ਖਾਰਜ ਨਹੀਂ ਹੋਤੇ। ਏਸੇ ਵਾਸਤੇ ਹੋਰ ਚਿੰਨ੍ਹ ਹਮੇਸ਼ ਕੋਈ ਰੱਖਦਾ ਨਹੀਂ, ਜਨੇਊ ਬੋਦੀ ਸਬ ਰਖਤੇ ਹੈਂ। ਤੈਸੇ ਸਿੰਘ ਸਜਣੇ ਦੇ ਵਕਤ



Digitized by Panjab Digital Library | www.panjabdigilib.org

ਭੀ ਕੱਛ, ਕ੍ਰਿਪਾਨ, ਕੇਸ, ਕੜਾ, ਕੰਗਾ ਸਿੰਘ ਨਾਮ ਸੁਕਲ ਬਸਤ੍ਰ ਸਿੰਘ ਦੇ ਰਖਾਏ ਜਾਂਦੇ ਹੈਨ। ਫੇਰ ਸਿੰਘ ਨਾਮ ਤੇ ਕੇਸਾਂ ਤੇ ਬਿਨਾ ਤੇ ਸਿੰਘ ਮਜ਼ਬ ਤੈ ਖਾਰਜ ਹੋ ਸਕਦਾ ਹੈ। ਕੱਛ ਕ੍ਰਿਪਾਨ ਕੜੇ ਬਿਨਾ ਸਿੰਘ ਧਰਮ ਤੈ ਖਾਰਜ ਨਹੀਂ ਹੋਤਾ। ਕਾਹੇ ਤੈ ਕੇਸਾਂ ਬਿਨਾਂ ਸਿੰਘ ਕੋਈ ਨਹੀਂ। ਕੱਛ ਕ੍ਰਿਪਾਨ, ਕੜੇ ਬਿਨਾ ਹਜਾਰਾਂ ਗ੍ਰਿਹਸਥੀ ਸਿੰਘ ਔਰ ਨਿਰਮਲੇ ਮੌਜੂਦ ਹੈਂ।

ਏਸੇ ਲਈ ਸ਼੍ਰੀ ਕਲਗੀਧਰ ਜੀ ਨੇ ਦੋ ਪ੍ਰਕਾਰ ਦਾ ਪੰਥ ਸਾਜਯਾ ਹੈ ਜਿਨ ਕੋ ਸ਼ਸਤ੍ਰ ਬਿੱਦਯਾ ਸਿਖਾ ਕੇ ਧਰਮ ਦੀ ਰੱਖਯਾ ਵਾਸਤੇ ਮਯਾਨ ਤੇਗ ਪਕੜਾਈ ਹੈ, ਉਨ ਕੋ ਰਾਜ ਰਿਖੀ ਛੱਤ੍ਰੀ ਖਾਲਸਾ ਖਤਾਬ ਦੇ ਕਰ ਖੇਤੀ ਬਣਜ ਨੌਕਰੀ ਸੈ ਅਜੀਵਕਾ ਕਰਣੇ ਦਾ ਹੁਕਮ ਦੀਆ ਹੈ। ਕਾਹੇ ਤੈ ਕੱਛ, ਕ੍ਰਿਪਾਨ ਛੱਤ੍ਰੀਓਂ ਕਾ ਬਾਣਾਂ ਪਹਿਰ ਕੇ ਸਸ਼ਤ੍ਰ ਧਾਰੀ ਛੱਤ੍ਰੀ ਖਾਲਸਾ ਸਦਵਾ ਕਰਕੇ ਪੂਜਾ ਖਾਣੀ ਜੋਗਯ ਨਹੀਂ । ਜਿਨ ਕੋਂ ਸ਼ਾਸਤ੍ਰ ਬਿੱਦਯਾ ਸਿਖਾ ਕੇ ਗਯਾਨ ਤੇਗ ਮਾਲਾ ਪਕੜਾਈ ਹੈ, ਉਨ ਕੋ ਬ੍ਰਹਮ ਰਿਖੀ ਬ੍ਰਹਮਚਾਰੀ ਭੇਸ ਔਰ ਖਤਾਬ ਦੇ ਕਰਕੇ ਧਰਮ ਦਾ ਉਪਦੇਸ ਕਰਕੇ ਭਿੱਛਯਾ ਸੈਂ ਯਾ ਪੂਜਾ ਸੈਂ ਆਜੀਵਕਾ ਕਰਨੇ ਦਾ ਹੁਕਮ ਦੀਆ ਹੈ। ਏਹ ਕਥਾ ਸੂਰਤ ਸਿੰਘ ਆਗਰੇ ਵਾਲੇ ਦੀ ਪੋਥੀ ਵਿੱਚ ੪੩ ਨੰਬਰ ਦੀ ਸਾਖੀ ਮੈਂ ਬਿਸਤਾਰ ਸੇ ਲਿਖੀ ਹੈ। ਹੋਰ ਜਿਤਨੇ ਸਾਖੀ ਪਰਮਾਣ ਦੇਖਾਏ ਹੈਂ। ਏਹ ਸਬ ਸਾਖੀਆ ਭਾਈ ਗੁਰੁਬਖਸ਼ ਸਿੰਘ ਕ੍ਰਿਤ ਪਾਂਚ ਸੌ ਸਾਖੀ ਦੀ ਪੋਥੀ ਮੈਂ ਤੀਨ ਸੌ ਬੱਤੀ ੩੩੨ ਨੰਬਰ ਦੀ ਸਾਖੀ ਸੈਂ ਅੱਗੇ ਲਿਖੀ ਹੈਂ। ਸੋ ਪੋਥੀ ਏਕ ਨੈਣੇ ਦੇ ਕੋਟਵਾਲੇ ਮਹੰਤਾ ਪਾਸ ਹੈ ਦੂਸਰੀ ਭਾਈ ਸੂਰੇ ਮੁਲਤਾਨੀ ਦੀ ਔਲਾਦ ਪਾਸ ਹੈ। ਤੀਸਰੀ ਸੂਰਤ ਸਿੰਘ ਹਜੂਰੀ ਵਾਲੀ ਸਾਖੀਆਂ ਦੀ ਪੋਥੀ ਆਗਰੇ ਮੈਂ ਸਿਵਰਾਮ ਖੱਤ੍ਰੀ ਦੇ ਘਰੋਂ ਰਾਧਾ ਸਵਾਮੀ ਆਗਰੇ ਵਾਲੇ ਨੇ ਮੰਗਾਇ ਕੇ ਹਮ ਕੋ ਦੇਖਾਈ ਥੀ। ਏਨਾ ਸਬਨਾ ਪੋਥੀਆਂ ਦੇ ਹਵਾਲੇ ਦਲੀਪ ਸਿੰਘ ਵਾਲੀ ਵਿੱਚੋਂ ੯੬ ਨੰਬਰ ਦੀ ਸਾਖੀ



Digitized by Panjab Digital Library | www.panjabdigilib.org

ਸੈਂ ਦੇਖ ਲੇਵੇ। ਜੋ ਦੇਖਨਾ ਚਾਹੇ ਔਰ ਜੋ ਛੰਦ ਪ੍ਰਮਾਣ ਸ੍ਰੀ ਮੁਖਵਾਕਜ ਦਿਖਾਏ ਹੈਂ। ਸੋ ਸਰਬ ਲੋਹ ਪ੍ਰਕਾਸ਼ ਦੇ ੧੩ ਔਰ ੧੭ ਪ੍ਰਭਾਸ ਮੇਂ ਹੈਂ। ਸੋ ਪੋਥੀ ਸਰਦਾਰ ਲੈਹਣਾ ਸਿੰਘ ਮਜੀਠੇ ਵਾਲੇ ਦੇ ਪੁਸਤਕਾਲਯ ਵਿਚੋਂ ਹੇਮ ਰਾਜ ਪੰਡਿਤ ਨੇ ਹਮਕੋ ਪੜ੍ਹਨੇ ਵਾਸਤੇ ਦੀ ਥੀ। ਉਸ ਮੇਂ ਬੀਰਜ ਨਾਦ ਰਾਖਸ ਕੇ ਔਰ ਸਰਬ ਲੋਹ ਅਵਤਾਰ ਕੇ ਪਰਾਕ੍ਰਮ ਦੇਵਤਯੋਂ ਕੇ ਆਵਾਹਨ। ਬਿਸਰਜਨ ਕੇ ਮੰਤ੍ਰ ਬਰਣ ਆਸ਼੍ਰਮੋਂ ਕੇ ਧਰਮ ਖਾਲਸੇ ਦੇ ਲੱਖਜਣ ਇਤਜਾਦਿਕ ਕਥਾ ਹੈਂ। ਪਟਣੇ ਸਾਹਿਬ ਵਾਲੇ ਸਰਬ ਲੋਹ ਪ੍ਰਕਾਸ਼ ਦੇ ਪੁਸਤਕ ਪਰ ਹੋਰ ਹੋਰ ਕਥਾ ਅਨੰਤ ਭੇਦ ਰਾਗੋਂ ਕੇ ਛੰਦੋਂ ਕੇ ਸੁਖਮਨਾ, ਹਕਾਯਤਾਂ ਆਦਿਕ ਬਹੁਤ ਬਾਣੀ ਹੈ ਏਹ ਦੋਨੋਂ ਸਰਬ ਲੋਹ ਪ੍ਰਕਾਸ਼ ਉੱਤ੍ਰਾਰਧ ਪੂਰਬਾਰਧ ਮਾਲੂਮ ਹੁੰਦੇ ਹਨ।

ਬਖਸ਼ਸ਼ ੧੦॥ ਏਕ ਸਮੇਂ ਗੁਰੂ ਜੀ ਮਹਾਰਾਜ ਮਹਾਭਾਰਥ ਦੀ ਕਥਾ ਸ੍ਰਵਣ ਕਰਤੇ ਥੇ ਤੋ ਉਸ ਮੇਂ ਸੇ ਅਰਜਨ ਭੀਮ ਕਰਣ ਆਦਿਕ ਸੂਰਬੀਰੋਂ ਕੇ ਅਤਜੰਤ ਪਰਾਕ੍ਰਮ ਸੁਣ ਕੇ ਸਿੱਖਾਂ ਨੇ ਪੰਡਿਤ ਪਾਸੋਂ ਪੁਛਜਾ ਉਨਮੇਂ ਇਤਨਾ ਬਲ ਕਿਸ ਕਾਰਣ ਤੈਂ ਹੂਆ ? ਪੰਡਿਤ ਨੇ ਕਹਾਂ ਉਨ੍ਹੋਂ ਨੇ ਦੇਵਤਾ ਕੋ ਪ੍ਰਸਿੱਧ ਕਰ ਕੇ ਬਰ ਪਾਯਾ ਥਾ। ਸਿੱਖਾਂ ਨੇ ਕਹਜਾ ਅਬ ਭੀ ਕੋਈ ਦੇਵੀ ਦੇਵਤਾ ਪ੍ਰਗਟ ਹੋ ਸਕਦਾ ਹੈ ? ਪੰਡਿਤ ਨੇ ਜਵਾਬ ਦੀਆ ਕਿ ਕਲਿਜੁਗ ਮੈਂ ਦੇਵਤਾ ਪ੍ਰਸਿੱਧ ਨਹੀਂ ਹੋਤਾ। ਏਹ ਸੰਬਾਦ ਸੁਣ ਕੇ ਗੁਰੂ ਸਾਹਿਬ ਨੇ ਫੁਰਮਾਯਾ ਜੇਕਰ ਮਨੁੱਖ ਪਹਿਲੇ ਆਪ ਦੇਵਤਾ ਬਨਕੇ ਦੇਵਤਾ ਕੋ ਪ੍ਰਗਟ ਕਰਨਾ ਚਾਹੇ ਤਬ ਕਜੋਂ ਨਹੀਂ ਦੇਵਤਾ ਪ੍ਰਗਟ ਹੋ ਸਕਦਾ ? ਕਿੰਤੂ ਹੋ ਸਕਦਾ ਹੈ। ਇਸੀ ਬਾਤ ਪਰ ਜਬ ਬ੍ਰਹਮਨੋਂ ਨੇ ਬਹੁਤ ਹਠ ਕੀਆ ਤਬ ਗੁਰੂ ਜੀ ਨੇ ਕਹਾ, ਹਮ ਭਗਵਤੀ ਕੋ ਪ੍ਰਗਟ ਕਰ ਦੇਖਾਂਵੇਂਗੇ। ਇਸ ਬਚਨ ਕੋ ਸਫਲਾ ਕਰਨੇ ਵਾਸਤੇ ਗੁਰੂ ਜੀ ਨੇ ਪਹਿਲੇ ਜੱਗਜ ਮੈਂ ਬ੍ਰਹਮਨੋਂ ਕੀ ਪ੍ਰੀਖਜਾ ਕੀਤੀ, ਫੇਰ ਮੰਤ੍ਰ ਸ਼ਾਸਤ੍ਰ ਕੇ ਗਜਾਤਾ ਲੋਗੋਂ ਕੀ ਤਲਾਸ਼ ਔਰ



Digitized by Panjab Digital Library | www.panjabdigilib.org

ਮਾਨ ਸਿਤਕਾਰ ਬਹੁਤ ਕਰਨੇ ਲਗੇ। ਉਸੀ ਸਮੇਂ ਏਕ ਖੱਤ੍ਰਾਨੀ ਅਨੂਪ ਕੌਰ ਜੋ ਗੁਰੂ ਜੀ ਕੇ ਸੁੰਦ੍ਰ ਸਰੂਪ ਤੇਜ ਪ੍ਰਤਾਪ ਪਰ ਕਾਮ ਭਾਵਨਾ ਸੈਂ ਮੋਹਿਤ ਹੋ ਰਹੀ ਥੀ, ਓਸਨੇ ਜਬ ਹੋਰ ਕੋਈ ਉਪਾਇ ਮਿਲਾਪ ਹੋਣੇ ਕਾ ਨਾ ਦੇਖਾ, ਤਬ ਗੁਰੂ ਜੀ ਕੇ ਨਫਰ ਮਗਨ ਔਰ ਸੋਹਣ ਨਾਮੀ ਕੋ ਕੁਛ ਧਨ ਦੇ ਕਰ ਗੁਰੂ ਸਾਹਿਬ ਪਾਸ ਏਹ ਬਾਤ ਚਲਵਾਈ ਜੁ ਏਕ ਫਕੀਰ ਬੰਗਾਲੇ ਦੇਸ ਤੇ ਆਯਾ ਹੈ ਮੰਤ੍ਰ ਸ਼ਾਸਤ੍ਰ ਮੈ ਕਾਮਲ ਹੈ। ਦੇਵੀ ਦੇ ਪ੍ਰਗਟ ਕਰਨੇ ਕੋ ਸਮਰਥ ਹੈ। ਜਿਸ ਨੂੰ ਚਾਹੇ ਦਰਸ਼ਨ ਦੇਵੀ ਦਾ ਕਰਵਾ ਸਕਦਾ ਹੈ। ਬਹੁਤ ਜਗਾ ਉਸਕੇ ਮੰਤ੍ਰ ਦੀ ਪ੍ਰੀਖਯਾ ਕੀਤੀ ਗਈ ਹੈ। ਉਸਦੇ ਸੁੰਦ੍ਰ ਸਰੂਪ ਔਰ ਤੇਜ ਕੋ ਦੇਖ ਕਰ ਲੋਗ ਹੱਕੇ ਬੱਕੇ ਰਹਤੇ ਹੈਂ। ਪਰ ਓਹ ਦਿਨੇ ਕਿਸੇ ਨੂੰ ਦਰਸ਼ਨ ਨਹੀਂ ਦੇਂਦਾ। ਸਮਾਧਿ ਲਾਇਕੇ ਅੰਦਰ ਬੈਠਾ ਭਜਨ ਕਰਦਾ ਰਹਿੰਦਾ ਹੈ। ਲੈਂਦਾ ਕਿਸੇ ਤੋਂ ਕੁਛ ਨਹੀਂ ਸਿਵਾਇ ਫਕੀਰੋਂ ਕੇ ਹੋਰ ਕਿਸੇ ਸਾਥ ਬਾਤ ਨਹੀਂ ਕਰਦਾ। ਅਸੀਂ ਓਸ ਅਗੇ ਬੇਨਤੀ ਕੀਤੀ ਸੀ। ਆਪ ਚਲ ਕੇ ਦੀਦਾਰ ਦੇਓ ਲੇਓ। ਓਸ ਨੇ ਕਹਯਾ ਇਕ ਵਾਰੀ ਗੁਰੂ ਜੀ ਮੈਨੂੰ ਦਰਸ਼ਨ ਦੇ ਜਾਣ ਫੇਰ ਮੈਂ ਹਮੇਸ਼ ਗੁਰੂ ਸਾਹਬ ਦੇ ਪਾਸ ਜਾਯਾ ਕਰਾਂਗਾ ਔਰ ਦੇਵੀ ਜੀ ਕੇ ਦਰਸ਼ਨ ਪ੍ਰਤੱਖ ਕਰਾ ਦੇਵਾਂਗਾ। ਇਸ ਪ੍ਰਕਾਰ ਬਹੁਤ ਮਹਿਮਾ ਓਸਦੀ ਸੁਣਾਇਕੇ ਨਫਰੋਂ ਨੇ ਗੁਰੂ ਜੀ ਕੋ ਤੈਯਾਰ ਕਰ ਲੀਆ। ਕਾਹੇ ਤੈ ਏਕ ਤੋ ਗੁਰੂ ਸਾਹਿਬ ਕੋ ਸੰਤੋਂ ਕੇ ਮਿਲਨੇ ਦਰਸਨ ਕਰਨੇ ਕਾ ਬਹੁਤ ਸ਼ੌਕ ਥਾ, ਦੂਸਰੇ ਇਸੀ ਨਮਿੱਤ ਉਸਕੀ ਕੱਲਯਾਣ ਕਰਣੀ ਥੀ। ਪੁਨਾ ਗੁਰੂ ਜੀ ਨੇ ਵੀਚਾਰ ਕੀਤਾ ਜੈਸੇ ਕੋ ਤੈਸੇ ਹੋ ਕਰ ਮਿਲਨਾ ਅੱਛਾ ਹੋਤਾ ਹੈ। ਫਕੀਰ ਫਕੀਰੋਂ ਸਾਥ ਮੁਹੱਬਤ ਔਰ ਦਿਲ ਕੇ ਭੇਤ ਕੀ ਬਾਤ ਕਰਤੇ ਹੈਂ ਔਰ ਅਮੀਰ ਅਮੀਰੋਂ ਸਾਥ। ਏਹ ਬਾਤ ਸੋਚ ਸਮਝ ਕੇ ਗੁਰੂ ਜੀ ਮੰਜੀਠੀ ਰੰਗ ਦੇ ਕਾਖਾਇ ਬਸਤ੍ਰ ਪਹਿਨ ਕੇ ਰਾਤ ਦੇ ਵਕਤ ਮਗਨ ਨਾਮੀ ਨਫਰ ਕੋ ਸਾਥ ਲੇਕਰ ਉਸ ਕੇ ਘਰ ਮੈਂ ਜਾਤੇ ਭਏ। ਕਯੋਂਕਿ ਦਿਨ ਮੈਂ



Digitized by Panjab Digital Library | www.panjabdigilib.org

ਜਾਤੇ ਤੋ ਲੋਗ ਦੇਖ ਕਰ ਚਰਚਾ ਕਰਤੇ ਔਰ ਪੂਛਤੇ, ਗੁਰੂ ਜੀ ! ਕਿਸ ਕਾਮ, ਕਿਸ ਕੇ ਘਰ ਜਾਂਏਂਗੇ। ਇਸ ਲੀਏ ਰਾਤ ਕੋ ਜਬ ਉਸ ਕੇ ਘਰ ਗਏ ਤੋ ਨਵਰ ਤੋ ਕਨਾਰੇ ਹੋ ਗਿਆ ਅਰ ਉਸ ਕਪਟੀ ਫਕੀਰ ਨੇ ਗੁਰੂ ਜੀ ਕੋ ਪਲੰਘ ਪਰ ਬੈਠਾ ਕੇ ਡੰਡਵਤ ਕਰੀ, ਫੇਰ ਅੰਦਰ ਜਾਇਕੇ ਫਕੀਰੀ ਬਾਣਾ ਉਤਾਰ ਕੇ ਅਮੋਲਕ ਜ਼ੇਵਰ ਬਸਤ੍ਰ ਜਨਾਨੇ ਪਹਿਨ ਕੇ ਅਤ੍ਰ ਲਗਾ ਕੇ ਰੁਪਏ ਮੁਹਰਾਂ ਕਾ ਥਾਲ ਲੈ ਕਰ ਹਾਜ਼ਰ ਹੋ ਕਰ ਅਪਨੀ ਇੱਛਜਾ ਜ਼ਾਹਿਰ ਕਰਤੀ, ਭਈ ! ਗੁਰੂ ਸਾਹਿਬ ਨੇ ਧਰਮ ਰੱਖਜਾ ਵਾਸਤੇ ਬਹੁਤ ਉਪਦੇਸ ਕੀਆ ਅਰ ਕਹਾ, ਦੇਖੋ ਪਰ ਇਸਤ੍ਰੀ ਕੇ ਸਬੰਧ ਸੈਂ ਇੰਦ੍ਰ ਨੇ ਕਲੰਕ ਪਾਯਾ, ਰਾਵਣ ਨੇ ਆਪਣਾ ਸਰਬੰਸ਼ ਨਾਸ ਕਰ ਲੀਆ, ਕੈਰੋਂ ਪਾਂਡਵੋਂ ਕੇ ਕਰੋੜਾਂ ਆਦਮੀ ਮਰ ਗਏ। ਪਰ ਇਸਤ੍ਰੀ ਕਾ ਸੰਗ ਪ੍ਰਜੁਲਤ ਅਗਨੀ ਤੀਖੀ ਛੁਰੀ ਸਮ ਸ਼ੀਘ੍ਰ ਪੁਰਖ ਕੇ ਧਰਮ ਧਨ ਸੁਖ ਜਸ ਕੋ ਨਾਸ਼ ਕਰ ਡਾਲਤਾ ਹੈ। ਜੱਦਜਪਿ ਗੁਰੂ ਜੀ ਨੇ ਅਪਨੇ ਧਰਮ ਦੀ ਰੱਖਜਾ ਵਾਸਤੇ ਉਸ ਕੋ ਅਨਿਕ ਪ੍ਰਸੰਗ ਸੁਨਾਏ। ਪਰੰਤੂ ਉਸ ਅਠਖੇਲੀ ਛਿਨਾਰ ਨਾਰਿ ਨੇ ਕੁਛ ਨਾ ਸੁਨਾ ਔਰ ਗੁਰੂ ਸਾਹਿਬ ਭੀ ਉਸ ਕੇ ਕਾਬੂ ਮੇਂ ਨਾ ਆਏ। ਆਖਰ ਜਬ ਉਸ ਬਾਰਾਂਤਾਲੀ ਨੇ ਜਾਣ ਲੀਆ ਕਿ ਗੁਰੂ ਜੀ ਮੇਰੇ ਫੰਧੇ ਮੇਂ ਨਹੀਂ ਫਸਦੇ ਔਰ ਮੇਰੇ ਸਬ ਯਤਨ ਬ੍ਰਿਥੇ ਗਏ ਤਬ ਕੋਪ ਹੋਇ ਕਰ ਦੂਸਰੀ ਚਾਲ ਚਲ ਦਈ। ਚੋਰ ਚੋਰ ਪੁਕਾਰਨੇ ਲਗੀ ਗੁਰੂ ਜੀ ਨੇ ਦੇਖਜਾ ਧੌਲੇ ਕੇਹੜੀ ਰੁਤਿ ਬੀਜੀ ਦੇ ਹਨ ਤੇ "ਹਿੰਮਤ ਮਰਦਾਂ ਮਦਦ ਖੁਦਾ" ਇਹ ਸੋਚ ਕੇ ਕਦਮ ਉਠਾਯਾ। ਤਬ ਉਸ ਦੇ ਭਾਈ ਨੇ ਪਕੜਨੇ ਚਾਹੇ ਪਰ ਗੁਰੂ ਜੀ ਉਸ ਕੋ ਪਛਾੜ ਕਰ ਅਪਨੇ ਮਕਾਨ ਪਰ ਚਲੇ ਆਏ। ਏਹ ਕਥਾ ਆਪ ਗੁਰੂ ਜੀ ਨੇ ੨੧ ਇਕੀਸਮੇਂ ਚਰਿੱਤ੍ਰ ਮੇਂ ਲਿਖੀ ਹੈ ਔਰ ਉਸੀ ਮੈਂ ਅਪਨਾ ਫਕੀਰੀ ਵੇਸ ਧਾਰਨਾ ਲਿਖਾ ਹੈ ਤਥਾਹੀ। "ਚਲ੍ਯੋ ਧਾਰ ਅਤੀਤ ਕੋ ਭੇਖ ਰਾਈ। ਮਨੈਂ ਆਪਨੇ ਮੈਂ ਭਗੌਤੀ ਮਨਾਈ।" ਜਹਾਂ ਚਾਰ ਸੌ ਚਰਿਤ੍ਰ



Digitized by Panjab Digital Library | www.panjabdigilib.org

ਇਸਤ੍ਰੀਆਂ ਕੇ ਗੁਰੂ ਜੀ ਨੇ ਦੇਖਾਏ ਹੈ ਤਹਾਂ ਚਾਰ ਚਰਿਤ੍ਰ ਮਰਦਾਂ ਕੇ ਲਿਖੇ ਹੈਂ, ਉਨਮੇਂ ਏਹ ਏਕ ਚਰਿਤ੍ਰ ਅਪਨਾ ਲਿਖਾ ਹੈ। ਜਿਸ ਮੈਂ ਰਾਈ ਸੰਬੋਧਨ ਪਦ ਅਤੀਤ ਸੰਤ ਕਾ ਨਾਮ ਹੈ। ਗੁਰੂ ਜੀ ਕਹਿਤੇ, ਹਮ ਆਪ ਫਕੀਰੀ ਭੇਖ ਧਾਰ ਕਰ ਮਨ ਮੈਂ ਭਗਵਤੀ ਕੋ ਮਨਾਇ ਕਰ ਉਸ ਕਪਟੀ ਫਕੀਰ ਕੇ ਘਰ ਜਾਤੇ ਭਏ। ਅਬ ਜੋ ਲੋਗ ਸੰਤ ਵੇਸ ਵਾਲੇ ਨਿਰਮਲੇ ਸੰਤੋਂ ਸੇ ਈਰਖਾ ਕਰ ਕੇ ਭੇਖ ਸਬਦ ਕਾ ਸਰੂਪ ਅਰਥ ਕਰਤੇ ਹੈਂ, ਸੋ ਪ੍ਰਸਿੱਧ ਅਰਥ ਕੋ ਛੋੜ ਕੇ ਅਪ੍ਰਸਿੱਧ ਅਰਥ ਅਪ੍ਰਮਾਣਕ ਜੁਗਤੀ ਹੀਨ ਕਰਤੇ ਹੈਂ। ਕਾਹੇ ਤੇ ਜੈਸੇ ਸਰੂਪ ਧਾਰਣਾ ਉਤਾਰਣਾ ਨਹੀਂ ਬਨੈ ਹੈ ਵੇਸ ਬਨੈ ਹੈ ਤੈਸੇ ਅਤੀਤ ਪਦ ਏਕਲੇ ਕਾ ਵਾਚਕ ਨਹੀਂ। ਫਕੀਰ ਕਾ ਯਾ ਗੁਜਰ ਗਏ ਜ਼ਮਾਨੇ ਕਾ ਵਾਚਕ ਹੈ। ਗੁਸਾਂਈ ਬੈਰਾਗੀ ਲੋਗ ਫਕੀਰ ਕੋ ਅਤੀਤ ਕਹਤੇ ਹੈਂ। ਪੁਨਹ ਏਕਲੇ ਗੁਰੂ ਜੀ ਨਹੀਂ ਗਏ ਥੇ। ਮਗਨ ਨਾਮੀ ਨਫਰ ਕਾ ਸਾਥ ਜਾਣਾ ਲਿਖਾ ਹੈ। ਤਾਂਤੇ ਏਹੀ ਸਿੱਧ ਹੂਆ ਗੁਰੂ ਜੀ ਕਾਖਾਇ ਬਸਤ੍ਰ ਫਕੀਰੋਂ ਕਾ ਭੇਖ ਧਾਰ ਕੇ ਅਨੂਪ ਕੌਰ ਕੇ ਘਰ ਗਏ ਥੇ। ਕਾਹੇ ਤੈ ਉਸ ਨੇ ਮਰਦ ਫਕੀਰੋਂ ਕਾ ਬਾਣਾ ਧਾਰ ਰੱਖਾ ਥਾ। ਯਥਾ "ਬਸਤ ਪਹਿਨ ਬਹੁ ਮੋਲ ਕੇ ਅਤਿਥਿ ਭੇਖ ਕੋ ਡਾਰ" ਗੁਰੂ ਜੀ ਕੇ ਇਸ ਬਚਨ ਸੇਂ ਉਸਕਾ ਭੀ ਫਕੀਰੀ ਲਿਬਾਸ ਧਾਰਣਾ ਸਹੀ ਹੈ। ਅਤਿਥ ਨਾਮ ਸਾਧੂ ਕਾ ਹੈ ਜੋ ਕਾਖਾਇ ਬਸਤ੍ਰ ਫਕੀਰੀ ਬਾਣਾ ਉਸ ਵਕਤ ਗੁਰੂ ਜੀ ਨੇ ਧਾਰਜਾ ਥਾ। ਸੋ ਬੀਰ ਸਿੰਘ ਨਿਰਮਲੇ ਸਿੰਘ ਕੋ ਬਖਸ਼ ਦੀਆ ਥਾ। ਏਹ ਕਥਾ ਭਾਈ ਗੁਰਬਖਸ਼ ਸਿੰਘ ਦੀ ੪੨੩ ਨੰਬਰ ਦੀ ਸਾਖੀ ਮੈਂ ਲਿਖੀ ਹੈ। ਇਸ ਪ੍ਰਕਾਰ ਕਾਖਾਇ ਬਸਤ੍ਰ ਆਪ ਗੁਰੂ ਗੋਬਿੰਦ ਸਿੰਘ ਜੀ ਕੇ ਧਾਰਨੇ ਔਰ ਸਿੱਖਾਂ ਨੂੰ ਧਾਰਨ ਕਰਾਉਣੇ ਸਾਖੀਓਂ ਸੇ ਪ੍ਰਸਿੱਧ ਹੈ। ਔਰ ਗੁਰੂ ਨਾਨਕ ਸਾਹਿਬ ਜੀ ਤੋ ਹਮੇਸ਼ ਦੇਸ਼ ਬਦੇਸ਼ ਮੈਂ ਫਿਰਤੇ ਹੂਏ ਮੰਜੀਠੀ ਰੰਗ ਦੇ ਬਸਤ੍ਰ ਪਹਿਰਤੇ ਰਹੇ ਹੈਂ। ਜਬ ਆਦਿ ਗੁਰੂ ਕਾ ਔਰ ਦਸਮੇਂ ਪਾਤਸ਼ਾਹ



Digitized by Panjab Digital Library | www.panjabdigilib.org

ਜੀ ਕਾ ਫਕੀਰੀ ਬਾਣਾ ਧਾਰਣਾ ਸਾਖੀਓਂ ਸੇ ਸਾਬਤ ਹੈ ਤਬ ਹੋਰ ਗੁਰੂ ਸਾਹਿਬੋਂ ਕਾ ਸੰਤ ਬਾਣਾ ਧਾਰਣਾ ਖੁਦ ਹੀ ਸਹੀ ਹੋਤਾ ਹੈ। ਸੰਤ ਬਾਣਾ ਧਾਰਣੇ ਤੈਂ ਹੀ ਗੁਰੂ ਸਾਹਿਬਾਂ ਕੋ ਸੱਚਾ ਬਾਦਸ਼ਾਹ ਲੋਗ ਕਹਿਤੇ ਰਹੇ ਹੈਂ। ਜੈਸੇ ਅਬ ਭੀ ਮੁਲਕ ਮਾਲਵੇ ਪੰਜਾਬ ਮੇਂ ਸੰਤ ਬਾਣੇ ਵਾਲੇ ਕੋ ਆਮ ਲੋਗ ਸੱਚਾ ਪਾਤਸ਼ਾਹ ਬੋਲਤੇ ਹੈਂ। ਸਿਵਾਇ ਫਕੀਰੋਂ ਕੇ ਹੋਰ ਕਿਸੀ ਕੋ ਸੱਚਾ ਪਾਤਸ਼ਾਹ ਕੋਈ ਨਹੀ ਬੋਲਤਾ। ਇਸ ਸੇ ਭੀ ਸਾਬਤ ਹੋਤਾ ਹੈ ਕੇ ਗੁਰੂ ਸਾਹਿਬ ਦਸੋ ਪਾਤਸਾਹੀ ਮਜੀਠੀ ਰੰਗ ਦੇ ਬਸਤ੍ਰ ਸੰਤੋਂ ਕਾ ਬਾਣਾ ਪਹਿਰਤੇ ਰਹੇ ਹੈਂ। ਪ੍ਰਸ਼ਨ । ਜੇਕਰ ਗੁਰੂ ਸਾਹਿਬ ਸੰਤੋਂ ਕਾ ਬਾਣਾ ਰਖਤੇ ਤਬ ਗ੍ਰਿਹਸਥੀ ਕਜੋਂ ਹੋਤੇ ਔਰ ਜੰਗ ਕਜੋਂ ਕਰਤੇ? ਉਤ੍ਰ॥ ਅਬ ਭੀ ਬਹੁਤ ਲੋਗ ਹਿੰਦੂ, ਮੁਸਲਮਾਨ, ਪੀਰ, ਫਕੀਰ, ਗ੍ਰਿਹਸਥੀ, ਸਿੱਖੀ ਸੇਵਕੀ ਵਾਲੇ ਕਾਖਾਇ ਬਸਤ੍ਰ ਆਦਿ ਫਕੀਰੋਂ ਕੇ ਚਿੰਨ੍ਹ ਧਾਰਨੇ ਵਾਲੇ ਦੇਖੇ ਜਾਤੇ ਹੈਂ। ਐਸੇ ਪੀਛੇ ਭੀ ਹੋਤੇ ਰਹੇ ਹੈਂ ਔਰ ਜੰਗ ਕਰਨੇ ਫਕੀਰੋਂ ਕੇ ਸ਼ੰਕਰਾਚਾਰਯ ਕੀ ਦਿਗ-ਬਿਜਯ ਪੋਥੀ ਸੇਂ ਔਰ ਸੰਨਯਾਸੀ ਬੈਰਾਗੀ ਫਕੀਰੋਂ ਕੇ ਜੰਗ ਚੁਕੱਤੇ ਬਾਦਸ਼ਾਹੋਂ ਕੀ ਤਵਾਰੀਖੋਂ ਸੇ ਖੂਬ ਸਾਬਤ ਹੈਂ, ਦੇਖ ਲੇਵੋ ਬਲਕੇ ਸੰਮਤ ੧੯੨੪ ਔਰ ੨੫ ਮੇਂ ਅਖੂਨਸ਼ਾਹ ਫਕੀਰ ਸਰਕਾਰ ਅੰਗ੍ਰੇਜੀ ਸਾਥ ਲੜਤਾ ਰਿਹਾ ਹੈ। ਤੈਸੇ ਗੁਰੂ ਸਾਹਿਬ ਭੀ ਜੱਦਜਪਿ ਸੰਤ ਬਾਣਾਂ ਰਖਤੇ ਰਹੇ ਹੈਂ ਤੌ ਭੀ ਧਰਮ ਦੀ ਰੱਖਜਾ ਵਾਸਤੇ ਜੰਗ ਕਰਤੇ ਰਹੇ ਹੈਂ। ਬਲਕੇ ਗ਼ੈਰ ਮਜ਼ਬ ਦੇ ਹਿੰਦੂ ਮੁਸਲਮਾਨ ਲੋਗ ਸਬ ਆਪਣੀਆਂ ਕਿਤਾਬਾਂ ਤਵਾਰੀਖਾਂ ਵਿਚ ਦਸੋ ਗੁਰੂਆਂ ਕੋ ਸਬ ਜਗਾ ਫਕੀਰ ਹੀ ਲਿਖਤੇ ਹੈਂ ਔਰ ਗੁਰੂ ਨਾਨਕ ਜੀ ਕਾ ਫਕੀਰੀ ਘਰਾਣਾ ਲਿਖਾ ਹੈ।

ਸਾਖੀ ੧੦॥ ਪਿਛਲਾ ਪ੍ਰਸੰਗ ਸੁਣ ਕੇ ਭਾਈ ਗੰਡਾ ਸਿੰਘ ਜੀ ਨੇ ਪ੍ਰਸ਼ਨ ਕੀਆ, ਹੇ ਭਗਵਨ! ਪੂਰਬ ਪ੍ਰਸੰਗ ਸੇਂ ਹਮ ਕੋ ਨਿਰਸੰਦੇਹ



Digitized by Panjab Digital Library | www.panjabdigilib.org

ਨਿਸਚੈ ਹੋ ਗਿਆ ਹੈ ਕਿ ਦਸੋ ਗੁਰੂ ਸਾਹਿਬ ਸੰਤ ਬਾਣਾ ਧਾਰਤੇ ਰਹੇ ਹੈਂ, ਔਰ ਫਕੀਰੀ ਘਰਾਣਾ ਗੁਰੂ ਸਾਹਿਬੋਂ ਕਾ ਹੈ, ਪਰੰਤੂ ਜੈਸੇ ਦਸਮੇਂ ਪਾਤਸ਼ਾਹ ਜੀ ਨੇ ਦੋ ਵਾਰੀ ਆਪ ਕਾਖਾਇ ਲਿਬਾਸ ਧਾਰ ਕੇ ਸਿੱਖਾਂ ਨੂੰ ਬਖਸਜਾ ਹੈ ਤੈਸੇ ਕੋਈ ਹੋਰ ਵੇਸ ਭੀ ਗੁਰੂ ਜੀ ਨੇ ਬਿਲੱਖਣ ਧਾਰਜਾ ਹੈ ਕੇ ਨਹੀਂ ? ਇਹ ਪ੍ਰਸ਼ਨ ਸੁਣ ਕੇ ਸਾਹਿਬ ਰਾਮ ਕੌਰ ਜੀ ਬੋਲੇ, ਹੇ ਖਾਲਸਾ ਜੀ ! ਜੱਦਜਪਿ ਦਸਮੇਂ ਪਾਤਸ਼ਾਹ ਮਹਾਰਾਜ ਜੀ ਹਮੇਸ਼ ਬਚਿੱਤ੍ਰ ਰੰਗ ਦੇ ਅੰਮੀਰੀ ਪੁਸ਼ਾਕੇ ਅਨੇਕ ਪ੍ਰਕਾਰ ਦੇ ਧਾਰਦੇ ਰਹੇ ਹੈਂ ਤੌ ਭੀ ਪਾਂਚ ਵੇਸ ਬਿਸੇਸ ਬਿਲੱਖਣ ਧਾਰੇ ਹੈਂ । ਸੋ ਏਕ ਤੋ ਸਿੱਖਾ ਕੇ ਲੰਗਰੋਂ ਕੀ ਪ੍ਰੀਖਜਾ ਕੇ ਵਾਸਤੇ ਭਿੱਖਸ਼ੂ ਕਾ ਵੇਸ ਧਾਰਾ ਥਾ । ਦੂਸਰਾ ਅਨੂਪ ਕੌਰ ਦੇ ਘਰ ਜਾਣੇ ਕੇ ਵਕਤ ਫਕੀਰ ਕਾ ਧਾਰਾ ਥਾ । ਤੀਸਰਾ ਜੋਗਾ ਸਿੰਘ ਦੇ ਧਰਮ ਦੀ ਰੱਖਜਾ ਵਾਸਤੇ ਸਿਪਾਹੀ ਕਾ ਵੇਸ ਧਾਰਾ ਥਾ । ਚੌਥਾ ਮਾਛੀਵਾੜੇ ਮੈਂ ਮੁਸਲਮਾਨ ਹਾਜੀ ਫਕੀਰੋਂ ਕਾ ਭੇਖ ਕੀਆ ਥਾ । ਪੰਜਵਾਂ ਫੀਰੋਜ਼ਪੁਰ ਦੇ ਜ਼ਿਲੇ ਫੱਤੂ ਸੱਮੂ ਦੀ ਟਾਲੀਆਂ ਵਾਲੇ ਪਿੰਡ ਡੋਗਰੇ ਦਾ ਭੇਸ ਧਾਰਕੇ "ਜੈਸਾ ਦੇਸ ਤੈਸਾ ਭੇਸ । ਤੇੜ ਲੁੰਙੀ ਮੋਢੇ ਖੇਸ" ਏਹ ਬਚਨ ਗੁਰੂ ਜੀ ਨੇ ਉਚਾਰਿਆ ਥਾ, ਹੇ ਭਾਈ ਸਿੱਖੋ ! "ਪਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਝੀ ਸਗਲ ਜਹਾਨੈ ।" ਅਚਾਰਯੋਂ ਅਵਤਾਰੋਂ ਕੇ ਉਪਦੇਸ਼ ਔਰ ਭੇਸ਼ ਜੱਦਜਪਿ ਕਿਸੀ ਨਮਿਤ ਕੋ ਲੇ ਕਰ ਹੋਤੇ ਹੈਂ, ਤੌ ਭੀ ਸਬ ਕੇ ਸਾਂਝੇ ਹੋਤੇ ਹੈਂ । ਜੋ ਪੁਰਖ ਜਿਸ ਭੇਸ ਔਰ ਉਪਦੇਸ਼ ਕਾ ਅਧਿਕਾਰੀ ਹੋਤਾ ਹੈ ਸੋ ਆਪ ਹੀ ਉਸ ਕੋ ਧਾਰਨ ਕਰ ਲੇਤਾ ਹੈ । ਜੈਸੇ ਰਾਮ ਚੰਦ੍ਰ ਲਛਮਨ ਕ੍ਰਿਸ਼ਨ ਜੀ ਕੇ ਭੇਸ਼ ਔਰ ਆਚਰਨ ਕੋ ਅਨੇਕ ਲੋਗ ਧਾਰਨ ਕਰ ਕੇ ਜੁਦੇ ਜੁਦੇ ਫਿਰਕੇ ਬਨਾ ਰਹੇ ਹੈਂ, ਤੈਸੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੇ ਵੇਸਾਂ ਕੋ ਪੰਥ ਖਾਲਸਾ ਧਾਰਨ ਕਰ ਰਹਾ ਹੈ । ਕਾਖਾਇ ਵੇਸ ਨਿਰਮਲੇ ਸਿੰਘ, ਨੀਲ ਵੇਸ ਨਿਹੰਗ ਸਿੰਘ, ਚੋਬਦਾਰ ਸਿਪਾਹੀ ਵੇਸ ਕੋ ਅਨੇਕ ਲੋਗ ਸਿਪਾਹੀ ਚੋਬਦਾਰ ਧਾਰ



Digitized by Panjab Digital Library | www.panjabdigilib.org

ਰਹੇ ਹੈਂ ਔਰ ਹਮੇਸ਼ ਪਹਿਰਨੇ ਕੇ ਬਚਿੱਤ੍ਰ ਅੰਮੀਰੀ ਲਿਬਾਸ ਕੋ ਰਾਜੇ ਮਹਾਰਾਜੇ ਸਰਦਾਰ ਗ੍ਰਿਹਸਥੀ ਸਿੱਖ ਪਹਿਨਤੇ ਹੈਂ। ਡੋਗਰੋਂ ਕੇ ਵੇਸ ਕੋ ਮਝੈਲ, ਮਲਵਈ, ਜੱਟ ਸਿੱਖ ਧਾਰ ਰਹੇ ਹੈਂ। ਇਸ ਪ੍ਰਕਾਰ ਸਬ ਵੇਸ ਗੁਰੂ ਜੀ ਕੇ ਸਬ ਸਿੰਘ ਅਪਨੇ ਅਪਨੇ ਅਧਿਕਾਰ ਅਨੁਸਾਰ ਸਫਲੇ ਕਰ ਰਹੇ ਹੈਂ। ਬਿਰਥਾ ਕੋਈ ਨਹੀਂ ਛੋੜਯਾ। ਜੈਸੇ ਗੁਰੂ ਜੀ ਕੇ ਵੇਸ ਹਮੇਸ ਪੰਥ ਮੈਂ ਕਾਯਮ ਹੈਂ ਤੈਸੇ ਗੱਦੀ ਗੁਰਿਆਈ ਔਰ ਸ਼ਕਤੀ ਗੁਰੂ ਕੀ ਪੰਥ ਖਾਲਸੇ ਮੈਂ ਇਸਥਿਤ ਹੈ। ਪ੍ਰਸ਼ਨ ॥ ਗੱਦੀ ਗੁਰਿਆਈ ਸ਼ਕਤੀ ਖਾਲਸੇ ਮੈਂ ਕੈਸੇ ਇਸਥਿਤ ਹੈ? ਉੱਤ੍ਰ॥ ਜਬ ਗੁਰੂ ਅਮਰਦਾਸ ਜੀ ਨੇ ਏਕ ਸਮੇਂ ਗੁਰੂ ਅਰਜਨ ਸਾਹਿਬ ਕੋ ਬਾਲ ਅਵਸਥਾ ਮੈਂ ਅਪਨੀ ਗੋਦ ਮੇਂ ਲੇਕਰ ਬਰ ਦੀਆ ਥਾ ਤੂੰ ਬਡਾ ਭਾਰਾ ਗੁਰੂ ਹੋਵੇਂਗਾ। ਉਸ ਵਕਤ ਬੀਬੀ ਭਾਨੀ ਜੀ ਨੇ ਜਿਸ ਨੇ ਅਪਨੇ ਪਿਤਾ ਗੁਰੂ ਕੋ ਸੇਵਾ ਕਰਕੇ ਪਰਸੰਨ ਕਰ ਰੱਖਾ ਥਾ। ਬਰ ਮਾਂਗ ਲੀਆ, ਹੇ ਭਗਵਨ! ਆਪ ਕੇ ਬਚਨ ਸੈਂ ਹਮੇਸ਼ ਇਸੀ ਸੋਢ ਬੰਸ ਵਿਖੇ ਗੱਦੀ ਗੁਰਿਆਈ ਔਰ ਗੁਰੂ ਕੀ ਜੋਤਿ ਬਨੀ ਰਹੇ। ਏਸੇ ਬਚਨ ਦੀ ਪਾਲਣਾ ਵਾਸਤੇ ਸ੍ਰੀ ਕਲਗੀਧਰ ਦਸਮੇਂ ਪਾਤਸ਼ਾਹ ਜੀ ਨੇ ਭਵਿੱਖਤ ਬੀਚਾਰ ਕਰ ਅਪਨੇ ਨਾਦੀ ਪੁਤ੍ਰ ਪੰਥ ਖਾਲਸੇ ਕੋ ਅਪਣਾ ਸਰੂਪ ਬਨਾ ਕੇ ਪਹਿਲੇ ਆਪ ਪੰਜਾਂ ਪਜਾਰਜਾਂ ਕੋ ਖੰਡੇ ਦਾ ਅੰਮ੍ਰਿਤ ਛਕਾਇਕੇ ਫਿਰ ਆਪ ਉਨਸੈਂ ਛਕਿਆ। ਸਬ ਸਿੱਖਾਂ ਕੋ ਸੋਢ ਬੰਸ ਛੱਤ੍ਰੀ ਬਰਣ ਭ੍ਰਿੰਗੀ ਕੀਟ ਸਮ ਅਪਣੀ ਜਾਤਿ ਬਨਾ ਲੀਆ। ਜੈਸੇ ਜਬ ਬੋਧ ਮਤ ਵਾਲੇ ਰਾਜਜੋਂ ਨੇ ਛੱਤ੍ਰੀ ਕੋਈ ਨਹੀਂ ਛਡਿਆ ਥਾ ਤਬ ਰਿਖੀਓਂ ਨੇ ਅਰਬੁਦ ਪਰਬਤ ਮੈਂ ਹਮਨ ਕਰ ਦੇਵੀ ਕੋ ਪ੍ਰਗਟ ਕਰਕੇ ਸੋਲੰਖੀ ਪਟਵਰ ਚੁਹਾਣ ਨਾਗ ਏਹ ਚਾਰ ਪ੍ਰਕਾਰ ਦੇ ਕਿਰਤਮ ਛੱਤ੍ਰੀ ਬਨਾਇ ਕੇ ਬੋਧ ਮਤ ਕੀ ਹਾਨੀ ਔਰ ਬੈਦਜਕ ਧਰਮ ਦੀ ਰੱਖਜਾ ਕਰੀ ਕਰਾਈ ਥੀ। ਤੈਸੇ ਗੁਰੂ ਸਾਹਿਬ ਨੇ ਬੇਦ ਧਰਮ ਸੰਤ-ਗਊ ਦੀ ਰੱਖਜਾ ਵਾਸਤੇ ਦੇਵੀ ਕੋ ਪ੍ਰਗਟ ਕਰ



Digitized by Panjab Digital Library | www.panjabdigilib.org

ਕ੍ਰਿਤਮ ਛੱਤ੍ਰੀ ਬਰਣ ਆਪਣਾ ਨਾਦੀ ਬੇਟਾ ਪੰਥ ਖਾਲਸਾ ਪ੍ਰਗਟ ਕੀਤਾ ਹੈ। ਪੁਨਾ ਚਮਕੌਰ ਸਾਹਿਬ ਮੈਂ ਏਕ ਸੰਤ ਸਿੰਘ ਬਿਹੰਗਮ ਨਿਰਮਲੇ ਸਿੰਘ ਕੋ ਅਪਨੀ ਗੱਦੀ, ਗੁਰਿਆਈ, ਜਿਗਾ, ਕਲਗੀ ਆਦਿਕ ਪੁਸ਼ਾਕੀ ਔਰ ਅਪਨੀ ਸ਼ਕਤੀ ਬਖਸ਼ ਕੇ "ਗੁਰੂ ਖਾਲਸਾ ਖਾਲਸਾ ਗੁਰੂ"। ਏਹ ਬਚਨ ਉਚਾਰਨ ਕਰ ਪੰਥ ਖਾਲਸੇ ਕੀ ਔਰ ਅਪਣੀ ਏਕ ਰੂਪਤਾ ਦੇਖਾਵਤੇ ਭਏ ਹੈਂ। ਜੈਸੇ ਬਿੰਦੀ ਬੇਟਾ ਪਿਤਾ ਕੀ ਜਾਤਿ ਹੋਤਾ ਹੈ, ਤੈਸਾ ਨਾਦੀ ਪੁਤ੍ਰ ਚੇਲਾ ਭੀ ਗੁਰੂ ਕੀ ਜਾਤਿ ਔਰ ਗੁਰੂ ਕੇ ਬਿਰਸੇ ਕਾ ਮਾਲਕ ਹੋਤਾ ਹੈ। ਜੈਸੇ ਈਸ਼੍ਵਰ ਰਚਤ ਸ੍ਰਿਸ਼ਟੀ ਬ੍ਰਹਮੰਡ ਈਸ਼੍ਵਰ ਕਾ ਸਰੂਪ ਸਾਸਤ੍ਰੋਂ ਮੈਂ ਬਰਨਨ ਕੀਤਾ ਹੈ, ਤੈਸੇ ਸਰਬ ਪੰਥ ਖਾਲਸਾ ਪੰਜ ਤੱਤ੍ਵ ਰੂਪ ਪੰਜਾਂ ਪਜਾਰਜਾਂ ਦੁਆਰਾ ਗੁਰੂ ਰਚਤ ਗੁਰੂ ਕਾ ਸਰੂਪ ਹੈ। ਜਦਯਪਿ ਜੈਸੇ ਗੁਣ ਸੁਭਾਵ ਕੇ ਬਲ ਸੈਂ ਪ੍ਰਮਿਸ਼੍ਵਰ ਰਚਤ ਸ੍ਰਿਸ਼ਟੀ ਮੈਂ ਅਨੇਕ ਪ੍ਰਕਾਰ ਦੇ ਮਜ਼ਬ ਪੰਥ ਹੋ ਕਰ ਭੀ ਸਬ ਏਕ ਈਸ਼੍ਵਰ ਕੋ ਮਾਨਤੇ ਹੈਂ, ਤੈਸੇ ਰਜੋ, ਤਮੋ, ਸਤੋ ਏਨਾਂ ਗੁਣਾ ਕੇ ਪ੍ਰਭਾਵ ਸੇ ਪੰਥ ਖਾਲਸੇ ਮੈਂ ਭੀ ਖਾਨ, ਪਾਨ, ਪਹਿਰਾਨ, ਰਫਤਾਰ, ਗੁਫਤਾਰ, ਦਸਤਾਰ ਆਦਿਕ ਅਚਾਰ ਬਿਹਾਰ ਕੇ ਭੇਦ ਸੈਂ ਕੋਈ ਨਿਰਮਲੇ, ਕੋਈ ਨਿਹੰਗ, ਕੋਈ ਗ੍ਰਿਹਸਥੀ, ਕੋਈ ਪੁਜਾਰੀ, ਕੋਈ ਅੰਮੀਰ, ਕੋਈ ਗਰੀਬ ਬਹੁਤ ਪ੍ਰਕਾਰ ਦੇ ਸਿੰਘ ਹੈਂ। ਪਰੰਤੂ ਸਭੀ ਗੁਰੂ ਕੋ ਮਾਨਤੇ ਹੈਂ ਔਰ ਉਨਹੀ ਕੇ ਸਿੱਖ ਸਾਧੂ ਕਹਾਵਤੇ ਹੈਂ। ਇਸ ਪ੍ਰਕਾਰ ਪੰਥ ਖਾਲਸੇ ਮੈਂ ਗੁਰੂ ਕੇ ਸਭੀ ਤਰਾਂ ਦੇ ਵੇਸ਼ ਔਰ ਗੁਰੂ ਕੀ ਜੋਤਿ ਗੱਦੀ ਗੁਰਿਆਈ ਇਸਥਿਤ ਹੈਂ। ਇਸੀ ਵਾਸਤੇ ਏਹ ਪੰਥ ਖਾਲਸਾ ਖਾਸ ਗੁਰੂ ਕਾ ਪੰਥ ਹੈ, ਹੋਰ ਸਬ ਪੰਥ ਪਰਮਪਰਾ ਗੁਰੂ ਕੇ ਹੈਂ।

ਸਾਖੀ ੧੧ ॥ ਪਿਛਲੀ ਕਥਾ ਸ੍ਰਵਣ ਕਰ ਕੇ ਪੰਥ ਖਾਲਸਾ ਬਹੁਤ ਖੁਸ਼ੀ ਹੂਆ। ਭਾਈ ਗੰਡਾ ਸਿੰਘ ਜੀ ਨੇ ਪੁਨਾ ਬੇਨਤੀ ਕੀਤੀ, ਜੈਸੇ ਅਬਚਲ ਨਗਰ ਜਾਇਕੇ ਗੁਰੂ ਸਾਹਿਬ ਨਵਿਰਤੀ ਮਾਰਗ ਧਾਰਣ ਕਰ



Digitized by Panjab Digital Library | www.panjabdigilib.org

ਜਪ ਤਪ ਕਾ ਉਪਦੇਸ਼ ਸਿੱਖਾਂ ਕੋ ਕਰਤੇ ਰਹੇ ਹੈਂ ਔਰ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸੁਣਾਏ ਹੈਨ। ਓਹ ਪ੍ਰਸੰਗ ਭੀ ਕ੍ਰਿਪਾ ਕਰ ਸੁਨਾਵੋ ਜੀ ? ਏਹ ਪ੍ਰਸ਼ਨ ਸੁਣ ਕੇ ਸਾਹਿਬ ਰਾਮ ਕੌਰ ਜੀ ਕਹਿਤੇ ਭਏ, ਹੇ ਖਾਲਸਾ ਜੀ ! ਜਿਤਨੀ ਕਥਾ ਪੀਛੇ ਹਮ ਨੇ ਤੁਮ ਕੋ ਸੁਨਾਈ ਹੈ ਏਹ ਸਬ ਲੀਲਾ ਮੇਰੇ ਨੇਤ੍ਰ ਗੋਚਰ ਹੋਈ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਮੇਰੇ ਸਾਹਮਣੇ ਨਹੀਂ ਹੂਏ, ਪਰੰਤੁ ਭਾਈ ਪ੍ਰਹਿਲਾਦ ਸਿੰਘ ਜੀ, ਜੋ ਉਸ ਵਕਤ ਗੁਰੂ ਸਾਹਿਬ ਦੇ ਪਾਸ ਥੇ, ਓਸ ਨੇ ਜੈਸਾ ਪ੍ਰਸੰਗ ਮੈਨੂੰ ਸੁਣਾਯਾ ਹੈ ਸੋ ਸ੍ਰਵਣ ਕਰੋ। ਜਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੱਖਣ ਦੇਸ ਮੈਂ ਗੋਦਾਵਰੀ ਗੰਗਾ ਦੇ ਕਿਨਾਰੇ ਜਾਇਕੇ ਨਵਿਰਤੀ ਮਾਰਗ ਕੋ ਧਾਰਣ ਕਰ ਇਸਥਿਤ ਹੋਤੇ ਭਏ ਹੈਂ ਔਰ ਬਡੀ ਰਾਤ ਸੇਂ ਉਠ ਕੇ ਗੰਗਾ ਜਲ ਮੈਂ ਖੜੇ ਹੋ ਕੇ ਪਹਿਰ ਦਿਨ ਚੜ੍ਹਦੇ ਤਕ ਤਪ ਜਪ ਕਰਤੇ ਰਹਤੇ ਥੇ। ਫੇਰ ਪ੍ਰਸਾਦ ਛਕ ਕੇ ਏਕ ਮਹੂਰਤ ਭਰ ਪਲੰਘ ਪਰ ਬਿਰਾਜ ਕਰ ਕਦੀ ਕਦੀ ਸ਼ਿਕਾਰ ਕੋ ਜਾਤੇ, ਬਹੁਰ ਉਪਨਿਸ਼ਦੋਂ ਕੀ ਕਥਾ ਪੰਡਿਤ ਕਰਮ ਸਿੰਘ ਨਿਰਮਲੇ ਸੈਂ ਸ੍ਰਵਣ ਕਰਤੇ ਥੇ ਔਰ ਬ੍ਰਹਮਗਜਾਨ ਭਗਤੀ ਕਾ ਉਪਦੇਸ ਹਰ ਵਕਤ ਸਿੱਖਾਂ ਨੂੰ ਸੁਣਾਵਤੇ ਰਹਿਤੇ। ਏਕ ਰੋਜ ਭਾਈ ਕਰਮ ਸਿੰਘ ਪੰਡਿਤ ਨੇ ਔਰ ਭਾਈ ਮਨੀ ਸਿੰਘ, ਹਰਦਿਤ ਸਿੰਘ ਆਦਿਕ ਸਿੱਖਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਜੋ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਹਾਜ ਰੂਪ ਜੀਵੋਂ ਕੇ ਉਧਾਰ ਵਾਸਤੇ ਰਚੀ ਹੈ, ਉਸ ਮੈਂ ਬਹੁਤ ਬਾਣੀ ਕੇ ਅਰਥ ਸਮਝ ਮੈ ਨਹੀਂ ਆਵਤੇ ? ਬਿਨਾ ਅਰਥ ਸਮਝੇ ਤੇ ਸੰਸਾ ਰਹਿਤਾ ਹੈ। ਤਾਂਤੇ ਓਸ ਸੰਸੇ ਦੀ ਨਵਿਰਤੀ ਵਾਸਤੇ, ਜੈਸੇ ਸ਼੍ਰੀ ਰਾਮ ਚੰਦ੍ਰ ਜੀ ਨੇ ਦੰਡਕ ਬਣ ਮੈਂ ਰਿਖੀਆਂ ਮੁਨੀਆਂ ਕੋ ਰਾਮਤਾਪਨੀ ਉਪਨਿਸ਼ਦ ਸੁਨਾਈ ਹੈ ਔਰ ਹਨੂਮਾਨ ਕੇ ਪਰਥਾਇ ਰਾਮ ਰਿਦਾ ਰਾਮ ਗੀਤਾ ਕਾ ਉਪਦੇਸ ਸਬ ਕੋ ਸੁਨਾਯਾ ਹੈ ਔਰ ਕ੍ਰਿਸਨ



Digitized by Panjab Digital Library | www.panjabdigilib.org

ਜੀ ਨੇ ਊਧਵ ਕੋ ਪਰਬਾਇ ਆਤਮ ਤੱਤ੍ਰ ਕਾ ਉਪਦੇਸ ਕੀਆ ਹੈ, ਤੈਸੇ ਆਪ ਭੀ ਕ੍ਰਿਪਾ ਕਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਸੁਣਾਵੋ ਜੀ ? ਐਸੇ ਖਾਲਸੇ ਦੀ ਬੇਨਤੀ ਸੁਣ ਕੇ ਸ੍ਰੀ ਕਲਗੀਧਰ ਜੀ ਨੇ ਬਹੁਤ ਖੁਸ਼ੀ ਹੋ ਕਰ ਫੁਰਮਾਯਾ, ਹੇ ਖਾਲਸਾ ਜੀ ਤੁਮ ਨੇ ਬਹੁਤ ਚੰਗਾ ਪਰਉਪਕਾਰ ਵਾਸਤੇ ਪ੍ਰਸ਼ਨ ਕੀਤਾ ਹੈ। ਇਸ ਸੈਂ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਚਲੇਗੀ ਔਰ ਕਥਾ ਗ੍ਰੰਥ ਸਾਹਿਬ ਜੀ ਕੀ ਸ੍ਰਵਣ ਕਰ ਬੇਅੰਤ ਜੀਵੋਂ ਕਾ ਉਧਾਰ ਹੋਵੇਗਾ। ਅਬ ਤੁਮ ਸਬੀ ਮਨ ਇੰਦ੍ਰੇ ਰੋਕ ਕਰ ਗੁਰੂ ਜੀ ਕੀ ਬਾਣੀ ਦੇ ਅਰਥ ਸ੍ਰਵਣ ਕਰੋ। ਐਸੇ ਕਹਿ ਕਰ ਕੜਾਹ ਪ੍ਰਸ਼ਾਦ ਬਰਤਾਇ ਕੇ ਕਥਾ ਕਾ ਅਰੰਭ ਕਰਤੇ ਭਏ ਔਰ ਪ੍ਰੇਮੀ ਸਿੰਘ ਏਕ ਮਨ ਹੋ ਕਰ ਸ੍ਰਵਣ ਕਰਨੇ ਲਗੇ। ਦੋ ਪਹਿਰ ਤਕ ਹਮੇਸ਼ ਕਥਾ ਹੋਨੇ ਲਗੀ। ਕਥਾ ਸੁਣਨੇ ਵਾਲੇ ਸਿੰਘ ਸੰਸਾਰੀ ਬਾਤੋਂ ਸੇ ਉਪਰਾਮ ਵੈਰਾਗ ਬਵੇਕ ਨਿੰਮ੍ਰਿਤਾ ਕੀ ਮੂਰਤਿ ਸਾਂਤਿ ਚਿੱਤ ਹੋਤੇ ਭਏ। ਏਕ ਰੋਜ ਭਾਈ ਦੇਵਾ ਸਿੰਘ ਚੌਰ ਵਾਲੇ ਨੇ ਹੱਥ ਜੋੜ ਕੇ ਅਰਜ ਕੀਤੀ, ਜੀ ਸੱਚੇ ਪਾਤਸ਼ਾਹ ! ਜੇੜੇ ਸਿੰਘ ਮੈਦਾਨ ਮੈਂ ਘੋੜਜਾਂ ਦੇ ਕੀਲੇ ਠੋਕਣ ਪਰ ਲੜਾਈ ਕਰ ਕੇ ਪੱਗੋ ਹੱਥੀ ਹੋ ਪੈਂਦੇ ਸੇ ਅਬ ਸੋਈ ਸਿੰਘ ਜੁਗੀਸ਼ਰਾਂ ਮੁਨੀਸ਼ਰਾਂ ਦੇ ਸਮਾਨ ਸਾਂਤ ਚਿੱਤ ਅਡੋਲ ਬੈਠੇ ਹੈਂ। ਪਹਿਲੇ ਭੀ ਗੁਰੂ ਗ੍ਰੰਥ ਸਾਹਿਬ ਪੜ੍ਹਦੇ ਸੁਣਦੇ ਸੇ ਔਰ ਆਪ ਕਾ ਸਤਸੰਗ ਕਰਦੇ ਸੇ। ਓਦੋਂ ਸ਼ਾਂਤੀ ਨਾ ਆਈ, ਅਬ ਕੈਸੇ ਸਾਂਤ ਮਨ ਹੋ ਗਏ ? ਏਹ ਆਸ਼ੰਕਾ ਸਿੱਖ ਦੀ ਸੁਣ ਕੇ ਗੁਰੂ ਜੀ ਫੁਰਮਾਯਾ, ਹੇ ਭਾਈ ਸਿੱਖੋ ! ਏਕ ਤੋ ਇਸ ਗੰਗਾ ਤਟ ਭੂਮੀ ਕਾ ਪ੍ਰਤਾਪ ਹੈ। ਦੂਸਰੇ ਓਸ ਵਕਤ ਇਨਕੇ ਮਨ ਪਰਵਿਰਤੀ ਮਾਰਗ ਮੈਂ ਲਗ ਰਹੇ ਥੇ। ਪ੍ਰਵਿਰਤੀ ਮੈਂ ਪਰਮਾਰਥ ਕਾ ਸੁਖ ਨਹੀਂ ਪ੍ਰਾਪਤ ਹੋਤਾ। ਜੈਸੇ ਚੰਚਲ ਔਰ ਮੈਲੇ ਜਲ ਮੈਂ ਪ੍ਰਤਿਬਿੰਬ ਨਹੀਂ ਭਾਨ ਹੋਤਾ, ਕਿੰਤੂ ਇਸਥਿਤ ਨਿਰਮਲ ਜਲ ਮੈਂ ਹੀ ਸਾਫ ਪ੍ਰਤਿਬਿੰਬ ਪ੍ਰਤੀਤ ਹੋਵੇ ਹੈ, ਤੈਸੇ ਹੀ ਨਵਿਰਤੀ ਮਾਰਗ



Digitized by Panjab Digital Library | www.panjabdigilib.org

ਮੈਂ ਸਹਿਜੇ ਹੀ ਅੰਤਹਿ ਕਰਣ ਇਸਥਿਤ ਔਰ ਸੁਧ ਹੋਇ ਕੇ ਚਿੱਤ ਬ੍ਰਿਤੀ ਨਿਜਾਨੰਦ ਕੋ ਆਲੰਬਨ ਕਰ ਲੇਵੈ ਹੈ। ਤੀਸਰੇ ਜਥਾ ਰਾਜਾ ਤਥਾ ਪ੍ਰਜਾ ਇਸ ਭਾਵ ਸੈਂ ਭੀ ਹਮਾਰੇ ਨਵਿਰਤੀ ਮਾਰਗ ਧਾਰਣੇ ਕਰ ਹਮਾਰੇ ਸਤਸੰਗੀ ਬੀ ਨਿਰ ਬਿਕਾਰ ਹੋ ਰਹੇ ਹੈਂ। ਚੌਥੇ-

"ਜਬ ਪਲਾਸ ਫੂਲਨ ਪਰ ਆਵੈ।
ਧਾਤ ਪਾਤ ਕਰ ਆਪ ਲੁਟਾਵੈ।
ਕਾਲਾ ਮੁਖ ਕਰ ਜਗ ਦਿਖਲਾਵੈ।
ਤੌ ਲਾਲਨ ਕੀ ਲਾਲੀ ਪਾਵੈ।"

ਤੈਸੇ ਇਹ ਸਿੰਘ ਅਬ ਸਬ ਬਿਹਾਰ ਸੰਕਲਪ ਛੋਡ ਕਰ ਵੈਰਾਗ ਬਵੇਕ ਯੁਕਤ ਤਜਾਗੀ ਹੋ ਕਰ ਪਰਮਾਨੰਦ ਪਦ ਮੈਂ ਪਲਾਸ ਕੇ ਡੰਡਜੋਂ ਸਮ ਇਸਥਿਤ ਹੈਂ। ਅਬ ਇਨਕੋ ਪਰਮਾਨੰਦ ਕਾ ਲਾਲ ਰੰਗ ਲਗੇਗਾ ਯਥਾ "ਲਾਲ ਰੰਗ ਤਿਸਕੋ ਲਗਾ ਜਾਕੇ ਬਡਭਾਗਾ।" ਪੰਚਮੈਂ "ਚਹੁ ਜੁਗਾ ਕਾ ਹੁਣ ਨਿਬੇੜਾ ਨਰ ਮਨੁਖਾ ਨੋ ਏਕ ਨਿਧਾਨਾ।" ਇਸ ਗੁਰੂ ਬਚਨ ਅਨੁਸਾਰ ਬ੍ਰਹਮ ਗਜਾਨ ਕੇ ਅਧਿਕਾਰੀ ਸਿੱਖਾਂ ਦੇ ਜਨਮ ਮਰਨ ਦਾ ਨਿਬੇੜਾ ਹੁਣ ਹੋਵੇਗਾ ਔਰ ਇਨ ਬ੍ਰਹਮਗਜਾਨੀ ਨਿਰਮਲੇ ਬਿਰਕਤੋਂ ਦ੍ਵਾਰਾ ਹੋਰ ਭੀ ਬੇਅੰਤ ਜੀਵੋਂ ਕੇ ਕਰਮੋਂ ਕਾ ਨਿਬੇੜ ਧਰਮ ਰਾਜ ਦੇ ਦਫਤਰ ਸੈਂ ਹਿਸਾਬ ਚੁੱਕਦਾ ਹੋਵੈਗਾ। ਜੈਸੇ ਮਜੂਰ ਭੋ ਚੌਥੇ ਪਹਿਰ ਮਜੂਰੀ ਮਿਲਤੀ ਹੈ, ਤੈਸੇ ਤੀਨ ਜੁਗੋਂ ਮੇਂ ਜੋ ਪੁਰਖ ਜਪ ਤਪ ਭਗਤੀ ਕਮਾਵਤੇ ਰਹੇ ਹੈ, ਉਨਕੋ ਅੰਬ ਗੁਰੂ ਕੇ ਘਰ ਸੈਂ ਕਲਿਜੁਗ ਮੈਂ ਕੇਵਲ ਮੁਕਤੀ ਰੂਪ ਮਜੂਰੀ ਮਿਲੇਗੀ। ਕਾਹੇ ਤੇ "ਨਾਨਕ ਜਿਨਕੋ ਸਤਗੁਰੁ ਮਿਲਿਆ ਤਿਨਕਾ ਲੇਖਾ ਨਿਬੜਿਆ।" ਜਿਨ ਅਧਿਕਾਰੀ ਸਿੱਖਾਂ ਕੋ ਗੁਰੂ ਨਾਨਕ ਜੀ ਕੇ ਸਬਦ ਕਾ ਉਪਦੇਸ਼ ਮਿਲੇਗਾ। ਉਨਕੇ ਸੰਚਤ ਕਿਰੇਮਾਨ ਕਰਮ ਗਜਾਨ ਅਗਨੀ



Digitized by Panjab Digital Library | www.panjabdigilib.org

ਮੈਂ ਔਰ ਪ੍ਰਾਰਭਧ ਕਰਮ ਭੋਗ ਦੇ ਕੇ ਨਿਬੜੇਂਗੇ। ਇਸੀ ਲੀਏ ਅਬ ਏਹ ਸਬ ਰਿਖੀਆਂ ਮੁਨੀਆਂ ਕੇ ਸਮਾਨ ਸਾਤ ਚਿੱਤ ਇਸਥਿਤ ਹੋ ਰਹੇ ਹੈਂ। ਐਸੇ ਐਸੇ ਅਨੇਕ ਪ੍ਰਸੰਗ ਸੁਨਾ ਕਰ ਸ਼੍ਰੀ ਗੁਰੂ ਦਸਮੇਂ ਪਾਤਸ਼ਾਹ ਜੀ ਨੇ ਏਕ ਸਾਲ ਭਰ ਮੈਂ ਗ੍ਰੰਥ ਸਾਹਿਬ ਜੀ ਕੀ ਸਾਰੀ ਕਥਾ ਖਾਲਸੇ ਜੀ ਕੋ ਸੁਣਾਈ। ਭੋਗ ਪਾਉਣੇ ਕੇ ਵਕਤ ਸਿੱਖਾਂ ਨੇ ਔਰ ਆਕਾਸ਼ ਮੈਂ ਦੇਵਤਜੋਂ ਨੇ ਬੜੇ ਉਤਸ਼ਾਹ ਕੀਤੇ। ਤਬ ਸੈਂ ਬਹੁਤ ਸਿੰਘ ਤੋ ਗੁਰੂ ਜੀ ਕੇ ਮੁਖਾਰਬਿੰਦ ਸੈਂ ਕਥਾ ਉਪਦੇਸ਼ ਗੁਰਬਾਣੀ ਕਾ ਸੁਨ ਕਰ ਜੀਵਨ ਮੁਕਤਿ ਅਵਸਥਾ ਕੋ ਪ੍ਰਾਪਤ ਹੋ ਗਏ ਔਰ ਅਨੇਕ ਸਿੱਖ ਵੈਰਾਗਜ, ਬਵੇਕ, ਸ੍ਰਵਣ, ਮਨਨ ਆਦਿਕ ਗਜਾਨ ਕੇ ਸਾਧਨੋ ਮੈਂ ਪ੍ਰਵਿਰਤਿ ਹੋਤੇ ਭਏ ਔਰ ਗੁਰੂ ਸਾਹਿਬ ਭੀ ਸ਼ਿਕਾਰ ਆਦਿਕ ਬਿਹਾਰ ਸਬ ਛੋੜ ਕਰ ਕੇਵਲ ਨਿਜਾਨੰਦ ਮੈਂ ਮਗਨ ਰਹਿਨੇ ਲਗੇ। ਸਾਹਿਬ ਰਾਮ ਕੌਰ ਜੀ ਕਹਿਤੇ ਭਏ, ਹੇ ਖਾਲਸਾ ਜੀ! ਜਹਾਂ ਪਾਰਬ੍ਰਹਮ ਗੁਰੂ ਨਾਨਕ ਜੀ ਕੀ ਬਾਣੀ ਕੀ ਕਥਾ ਸ਼੍ਰੀ ਕਲਗੀਧਰ ਜੀ ਸੁਣਾਉਣੇ ਵਾਲੇ ਹੂਏ, ਤਹਾਂ ਜੀਵਨ ਮੁਕਤੀ ਕਾ ਅਨੰਦ ਖਾਲਸੇ ਕੋ ਕਜੋਂ ਨਾ ਪ੍ਰਾਪਤ ਹੋਵੇ। ਜਬ ਗੁਰੂ ਗ੍ਰੰਥ ਸਾਹਿਬ ਜੀ ਕੀ ਕਥਾ ਸਮਾਪਤਿ ਹੋ ਗਈ, ਉਸੀ ਸਮੈਂ ਪੰਜਾਬ ਕੀ ਤਰਫ ਸੈਂ ਬੰਦੇ ਕਾ ਭੇਜਜਾ ਹੋਯਾ ਏਕ ਸੱਦਾ ਸਿੰਘ ਕਾਸਦ ਗੁਰੂ ਜੀ ਕੇ ਪਾਸ ਜਾਇ ਪਹੁੰਚਜਾ। ਉਸ ਨੇ ਬੰਦੇ ਦੇ ਪਰਾਕ੍ਰਮ ਖਾਲਸੇ ਦੇ ਪੁਰਖਾਰਥ ਬੜੀ ਬੜੀ ਬਹਾਦਰੀ ਸਾਥ ਜੰਗ ਕਰ ਕੇ ਸਮਾਣਾ, ਸਢੌਰਾ, ਦਾਮਲਾ, ਕੁੰਜਪੁਰਾ, ਛਤ-ਬਾਨੂੜ, ਸਰੰਦ ਆਦਿਕ ਤੁਰਕੀ ਸ਼ਹਿਰੋਂ ਕਾ ਮਾਰਨਾ ਲੂਟਨਾ, ਸੂਬੇ ਬਜੀਦ ਖਾਂਨ, ਸੁਚਾ ਨੰਦ, ਦੀਵਾਨ ਆਦਿਕ ਦੁਸ਼ਮਨੋਂ ਕੋ ਕਤਲ ਕਰ ਕੇ ਸਾਹਿਬਜ਼ਾਦਜੋਂ ਕੇ ਬੈਰ ਲੈਣੇ ਦਾ ਪ੍ਰਸੰਗ ਸੁਣਾ ਕੇ ਬਹੁਤ ਖੁਸ਼ੀ ਔਰ ਉਤਸ਼ਾਹ ਬਧਾਯਾ। ਗੁਰੂ ਜੀ ਨੇ ਉਸਕੋ ਬਾਂਛਤ ਪਦਾਰਥ ਧਰਮ ਅਰਥ ਕਾਮ ਮੋਖ ਬਖਸ਼ੇ। ਦੂਸਰੇ ਦਿਨ ਗੁਰੂ ਸਾਹਿਬ ਨੇ ਸ਼ਸਤ੍ਰ ਬਸਤ੍ਰ, ਜੇਵਰ, ਘੋੜੇ ਆਪਣੇ ਰੋਬਰੋ



Digitized by Panjab Digital Library | www.panjabdigilib.org

ਸਬ ਮੰਗਾ ਕੇ ਖਾਲਸੇ ਜੀ ਕੋ ਹੁਕਮ ਦੀਆ, ਜੋ ਚੀਜ ਜਿਸਕੋ ਪਸਿੰਦ ਆਵੈ ਸੋ ਲੇਵੇ। ਏਹ ਹੁਕਮ ਸੁਣ ਕੇ ਹੋਰ ਸਬ ਸਿੱਖਾ ਨੇ ਸਬ ਪਦਾਰਥ ਲੈ ਲੀਏ। ਭਾਈ ਗੰਡਾ ਸਿੰਘ, ਮਿਲਾਪ ਸਿੰਘ, ਰਾਮ ਸਿੰਘ, ਹਰਦਿਤ ਸਿੰਘ, ਬੀਰ ਸਿੰਘ, ਨਾਹਰ ਸਿੰਘ ਆਦਿਕ ਬਾਈ ਸਿੰਘ ਪਰਮ ਸੰਤੋਖੀ ਵਿਚਾਰਸੀਲ ਬੈਠੇ ਰਹੇ। ਉਨ ਕੋ ਦੇਖ ਕਰ ਗੁਰੂ ਸਾਹਿਬ ਨੇ ਉਨਕੀ ਪ੍ਰੀਖਜਾ ਕੇ ਵਾਸਤੇ ਫੁਰਮਾਯਾ, ਤੁਮ ਨੇ ਪਦਾਰਥ ਕਜੋਂ ਨਹੀਂ ਲੀਏ ਔਰ ਸ਼ਸਤ੍ਰ ਕਾਹੇ ਕੋ ਛੋਡ ਬੈਠੇ ਹੋ? ਤਬ ਉਨ੍ਹੋਂ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ "ਕਾਠਕੀ ਪੁਤਰੀ ਕਹਾਂ ਕਰੈ ਬਪੁਰੀ ਖੇਲਾਵਨ ਹਾਰੋ ਜਾਨੈ। ਜੈਸਾ ਭੇਖ ਕਰਾਵੈ ਬਾਜੀਗਰ ਓਹ ਤੈਸੋ ਹੀ ਸਾਜ ਆਨੈ।" ਆਪ ਸਰਬ ਕੇ ਪ੍ਰੇਰਕ ਹੋ ਆਪ ਕੇ ਮੁਖਾਰਬਿੰਦ ਸੈ ਆਦਿ ਗ੍ਰੰਥ ਸਾਹਿਬ ਕੀ ਬਾਣੀ ਕੀ ਅੰਮ੍ਰਿਤ ਰੂਪ ਕਥਾ ਸ੍ਰਵਣ ਕਰ ਹਮਾਰੇ ਮਨ ਤ੍ਰਿਪਤਿ ਹੋ ਗਏ ਹੈਂ। "ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।" ਆਪ ਜੈਸੇ ਸਾਚੇ ਸਤਿਗੁਰੂ ਤੇ ਉਪਦੇਸ਼ ਪਾਇ ਕਰ ਪਰਮਾਨੰਦ ਕੋ ਪ੍ਰਾਪਤ ਭਏ ਹੈਂ। ਅਬ ਹੋਰ ਕਿਸੇ ਮਾਯਕ ਪਦਾਰਥ ਕੀ ਇੱਛਜਾ ਨਹੀਂ ਰਹੀ। ਜੈਸੇ ਚੀਟੀ ਮਿਸ਼ੀ ਦੇ ਕੂਜੇ ਕੋ ਪਾਇ ਕਰ ਫੇਰ ਲੀਦ ਮੈਂ ਸੇ ਦਾਣਾ ਲੈਣੇ ਨਹੀਂ ਜਾਤੀ ਔਰ ਬਛੜਾ ਗਊ ਕਾ ਦੂਧ ਪੀਤਾ ਹੂਆ ਔਰ ਵਸਤੁ ਕੋ ਨਹੀਂ ਚਾਹਿਤਾ, ਤੈਸੇ ਅਬ ਹਮਾਰਾ ਚਿੱਤ ਆਤਮ ਚਿੰਤਨ ਕੋ ਛੋਡ ਕਰ ਹੋਰ ਵਸਤੂ ਕੋ ਨਹੀਂ ਚਾਹਿਤਾ। ਔਰ ਜੋ ਆਪ ਨੇ ਫੁਰਮਾਯਾ ਕਿ ਤੁਮਨੇ ਸ਼ਸਤ੍ਰ ਕਾਹੇ ਕੋ ਛੋੜ ਦੀਏ। ਸੋ ਹੇ ਭਗਵਨ! ਧਰਮ ਦਾ ਧਨੁਖ, ਗਜਾਨ ਦਾ ਖੜਗ, ਗੁਰ ਸਬਦ ਨੇਜਾ, ਨਿੰਮ੍ਰਿਤਾ ਕੀ ਸੰਜੋਇ, ਖਿਮਾ ਕਾ ਟੋਪ, ਧੀਰਜ ਕੀ ਢਾਲ, ਬੇਦ ਗੁਰੂ ਕੇ ਬਚਨ ਰੂਪੀ ਤੀਰੋਂ ਕਾ ਭਰਾ ਹੂਆ ਸਿਦਕ ਦਾ ਭੱਥਾ, ਗਰੀਬੀ ਕੀ ਗਦਾ, ਕ੍ਰਿਪਾ ਕੀ ਕਰਦ ਇਤਜਾਦਿਕ ਸ਼ਸਤ੍ਰ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਜਬ ਆਪ ਨੇ ਹਮ ਕੋ ਧਾਰਣ ਕਰਾ ਕੇ ਸਤ ਦੇ ਘੋੜੇ ਪਰ ਜਤ ਕਾ ਜੀਨ



Digitized by Panjab Digital Library | www.panjabdigilib.org

ਪਵਾਇਕੇ ਅਸਵਾਰ ਕਰ ਦੀਆ ਹੈ। ਔਰ ਗੁਰੂ ਪ੍ਰਮੇਸ਼੍ਰ ਦੇ ਧਜਾਨ ਦਾ ਚੋਲਾ ਪੇਰਣ ਹਰਸੂਰਤ ਸੈ ਸਾਬਤ ਰਹਿਣੇ ਦੀ ਦਸਤਾਰ, ਸੰਤੋਖ ਦਾ ਕਮਰ ਬੰਦ, ਜਤ ਕਾ ਲੰਗੋਟਾ ਇਤਜਾਦਿਕ ਬਸਤ੍ਰ ਪਹਿਰਨੇ ਕਾ ਉਪਦੇਸ਼ ਆਪ ਨੇ ਦੀਆ ਹੈ ਔਰ ਦੈਵੀ ਗੁਣਾਂ ਦੇ ਰਤਨਾ ਦਾ ਭੰਡਾਰਾ ਬਖਸ਼ਜਾ ਹੈ। ਤਬ ਏਹ ਨਾਸ ਹੋਣੇ ਵਾਲੇ ਮਾਯਕ ਦੁਖਦਾਈ ਪਦਾਰਥ ਹਮ ਕੈਸੇ ਲੇਵੈਂ ? ਜਿਨ ਕੇ ਗ੍ਰਹਣ ਕਰਨੇ ਕਰ ਮਨ ਮੈਂ ਬਿਕਾਰ, ਤਨ ਮੈਂ ਖਰਾਬੀ ਪ੍ਰਾਪਤ ਹੋਵੈ ਹੈ। ਪੁਨਾ ਬਾਰਯ ਸ਼ਸਤ੍ਰ ਹਮ ਤਬ ਧਾਰਨ ਕਰੇਂ। ਜੋ ਕੋਈ ਸੱਤਰੂ ਦ੍ਰਿਸ਼ਟੀ ਆਵੇ ਅਬ ਹਮਾਰੇ ਤੋ "ਨਾ ਕੋ ਬੈਰੀ ਨਹੀਂ ਬੇਗਾਨਾ ਸਗਲ ਸੰਗ ਹਮਰੀ ਬਨ ਆਈ।" "ਮਨ ਅਪਨੇ ਤੇ ਬੁਰਾ ਮਿਟਾਨਾ। ਪੇਖੈ ਸਗਲ ਸ੍ਰਿਸਿਟ ਸਾਜਨਾ।" ਇਤਜਾਦਿਕ ਗੁਰੂ ਕੇ ਬਚਨ ਆਪ ਕੀ ਕ੍ਰਿਪਾ ਤੈ ਹਮਨੇ ਧਾਰ ਲੀਏ ਹੈਂ ਤਾਂਤੇ "ਜੇ ਤੂੰ ਤੁੱਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲ। ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾਂ ਸਮਾਲ।" ਅਬ ਆਪ ਭੀ ਏਹੀ ਕ੍ਰਿਪਾ ਕਰੋ ਜੋ ਕਦੀ ਭੀ ਦ੍ਵੈਤ ਭਾਵ ਹਮਾਰੇ ਮਨ ਮੈਂ ਨਾਂ ਫੁਰੇ। ਐਸੇ ਬਚਨ ਸੁਨ ਕਰ ਗੁਰੂ ਸਾਹਿਬ ਉਨ ਪਰ ਬਹੁਤ ਖੁਸ਼ੀ ਹੋਇ ਕੇ ਕਹਿਤੇ ਭਏ, ਹੇ ਭਾਈ ਕਰਮ ਸਿੰਘ ! ਤੁਮ੍ਹਾਰੇ ਜੈਸੇ ਨਿਰਮਲੇ ਉੱਤਮ ਅਧਿਕਾਰੀ ਜਗਤ ਮੈਂ ਬਹੁਤ ਦੁਰਲਭ ਹੈਂ। ਅਬ ਤੁਮ ਗਜਾਨ ਕੀ ਚੌਥੀ ਭੂਮਿਕਾ ਸੱਤ੍ਵਾਪਤਿ ਵਿਖੇ ਪਰਪੱਕ ਪ੍ਰਾਪਤ ਭਏ। ਜੀਵਨ ਮੁਕਤਿ ਹੋ ਕਰ ਸੁਇੱਛਤ ਬਿਚਰੋ ਗੁਰੁਸਿੱਖੀ ਬਿਸਤੀਰਨ ਕਰੋ। ਤੁਮ੍ਹਾਰੀ ਸੰਪ੍ਰਦਾਇ ਨਿਰਮਲੇ ਸੰਤ ਬੇਦ ਬੇਤਾ ਤਤ੍ਵ ਮਿੱਥਜਾ ਕਾ ਨਿਰਨੇ ਕਰਨੇ ਵਾਲੇ ਬਹੁਤ ਹੋਵੇਂਗੇ। ਅਬ ਹਮ ਭੀ ਸੱਚ ਖੰਡ ਕੋ ਜਾਵੇਂਗੇ। ਏਹ ਬਚਨ ਸੁਨ ਕਰ ਬਹੁਤ ਸਿੰਘ, ਜਿਨਕਾ ਗੁਰੂ ਮਹਾਰਾਜ ਕੀ ਸਗੁਨ ਮੂਰਤੀ ਵਿਖੇ ਪਰਮ ਪ੍ਰੇਮ ਥਾ। ਨੇਤ੍ਰੂੰ ਮੈਂ ਜਲ ਬਹਾਉਣੇ ਲਗੇ। ਤਬ ਗੁਰੂ ਜੀ ਨੇ ਦੇਖਾ ਇਨਕੋ ਊਧਵ ਕੇ ਸਮਾਨ ਹਮਾਰੇ ਸ਼ਰੀਰ ਮੈਂ ਅਤੀ ਮੋਹ ਹੈ। ਮੋਹ ਹੀ ਜਨਮ



Digitized by Panjab Digital Library | www.panjabdigilib.org

ਮ੍ਰਿਤਜੁ ਕੇ ਦੇਨੇ ਵਾਲਾ ਹੈ। ਤਾਂਤੇ ਇਨਕੋ ਬ੍ਰਹਮਗਜਾਨ ਕਾ ਉਪਦੇਸ਼ ਦੇ ਕਰ ਨਿਰਮੋਹ ਕਰੀਏ। ਏਹ ਵੀਚਾਰ ਕੇ ਜੈਸੇ ਕ੍ਰਿਸ਼ਨ ਜੀ ਨੇ ਅੰਤ ਸਮਯ ਊਧਵ ਕੋ ਆਤਮ ਤੱਤ ਕਾ ਉਪਦੇਸ਼ ਕੀਆ ਥਾ, ਤੈਸੇ ਗੁਰੂ ਜੀ ਭੀ ਸਿੱਖਾਂ ਕੋ ਬ੍ਰਹਮਗਜਾਨ ਕਾ ਹੇਤੂ ਬਵੇਕ ਦ੍ਰਿੜ੍ਹਾਵਤੇ ਭਏ। ਪੁਨਾ ਸ੍ਰਿਸ਼ਟੀ ਕੀ ਉਤਪਤਿ ਲਯਤਾ ਦਿਖਾਈ ਪਾਂਚ ਕੋਸ ਪਚੀਸ ਪ੍ਰਕ੍ਰਿਤੀ ਤੀਨ ਦੇਹੋਂ ਸੇਂ ਆਤਮਾਂ ਕੋ ਅਸੰਗ ਦੇਖਾਵਤੇ ਭਏ ਤੌ ਭੀ ਜਬ ਬਹੁਤ ਸਿੱਖਾਂ ਕਾ ਮੋਹ ਦੂਰ ਨਾ ਹੂਆ। ਤਬ ਅਪਨੀ ਸ਼ਕਤੀ ਸੈਂ ਮੋਹ ਮਾਯਾ ਕਾ ਜਾਲ ਜਲਾ ਕਰ ਸਬ ਕੋ ਨਿਰਬਾਣ ਪਦ ਮੇਂ ਇਸਥਿਤ ਕਰ ਕੇ ਨਿਹਾਲ ਕਰਤੇ ਭਏ ਔਰ ਸੁਤੰਤ੍ਰ ਬਿਚਰਨੇ ਕਾ ਹੁਕਮ ਦੇਤੇ ਭਏ। ਜਿਸ ਹੁਕਮ ਕੋ ਮਾਨ ਕਰ ਬਹੁਤ ਸਿੰਘ ਤੋ ਪਰਪੱਕ ਫਲ ਕੇ ਸਮਾਨ ਸਹਿਜੇ ਹੀ ਗੁਰੂ ਜੀ ਕੋ ਡੰਡਵਤ ਕਰ ਕੇ ਜੈਸੇ ਕੋਈ ਮੁਸਾਫਿਰ ਬ੍ਰਿੱਛ ਸੈਂ ਫਲ ਖਾ ਕੇ ਛਾਯਾ ਮੈਂ ਆਰਾਮ ਪਾ ਕੇ ਚਲਾ ਜਾਤਾ ਹੈ, ਤੈਸੇ ਚਲਤੇ ਭਏ। ਕੋਈ ਕਾਂਸ਼ੀ ਜੀ, ਕੋਈ ਪ੍ਰਯਾਗ ਰਾਜ, ਕੋਈ ਹਰਿਦ੍ਵਾਰ, ਤਪੋ ਬਨ, ਰਿਖੀ ਕੇਸ਼, ਕੁਰੁਖਸ਼ੇਤ੍ਰ ਆਦਿਕ ਤੀਰਥੋਂ ਪਰ ਬ੍ਰਹਮਾਨੰਦ ਮੈਂ ਨਿਮਗਨ ਹੋਏ ਉਨਮੱਤ ਪੁਰਖ ਕੀ ਤਰਾਂ ਨਿਰਮਲੇ ਨਾਮ ਸੇਂ ਮਸ਼ਹੂਰ ਹੋ ਕਰ ਰਹਿਨੇ ਲਗੇ। ਜਿਨ ਕੀ ਦਸ਼ਾ ਕੋ ਦੇਖ ਕੇ ਛੇਤ੍ਰੋਂ ਕੇ ਨਿਵਾਸੀ ਰਿਖੀ ਮੁਨੀ ਆਸਚਰਯ ਥੇ। ਉਨ ਮਹਾਨ ਪੁਰਖੋਂ ਕੀ ਜੈਸੀ ਕ੍ਰਿਆ ਉਸ ਵਕਤ ਦੈਵ ਜੋਗ ਸੈਂ ਥੀ, ਤੈਸੀ ਉਨ ਕੇ ਸਤਸੰਗੀ ਚੇਲਜੋਂ ਕੀ ਅਬ ਤਕ ਨਿਰਮਲੇ ਸੰਤੋਂ ਮੇਂ ਧਾਰਨਾ ਪ੍ਰਸਿੱਧ ਹੈ। ਨਾਮ ਔਰ ਮੁਕਾਨ ਉਨਕੇ ਆਗੇ ਚਲ ਕਰ ਦੇਖਾਵੇਂਗੇ। ਪੀਛੇ ਕਹੀ ਰੀਤਿ ਸੈਂ ਜਬ ਬਹੁਤ ਨਿਰਮਲੇ ਸਿੰਘ ਗੁਰੂ ਜੀ ਸੈਂ ਬ੍ਰਹਮਗਜਾਨ ਪਾਇ ਕਰ ਬ੍ਰਿੱਛ ਸੈਂ ਟੂਟੇ ਹੂਏ ਪੱਤ੍ਰ ਕੀ ਨਿਆਂਈ ਨਿਰਵਾਸ ਹੂਏ ਪਰਾਰਭਧ ਪਵਣ ਕੇ ਅਨੁਸਾਰ ਚਲੇ ਗਏ, ਤਬ ਭਾਈ ਮਨੀ ਸਿੰਘ ਜੀ ਨੇ ਗੁਰੂ ਆਗੇ ਬੇਨਤੀ ਕੀਤੀ, ਜੀ ਸੱਚੇ ਪਾਤਸ਼ਾਹ ! ਗੁਰੂ ਗ੍ਰੰਥ ਸਾਹਿਬ



Digitized by Panjab Digital Library | www.panjabdigilib.org

ਦੀ ਕਥਾ ਉਪਦੇਸ਼ ਆਪ ਕੇ ਮੁਖਾਰਬਿੰਦ ਤੈ ਸਬੀ ਸਿੰਘ ਏਕ ਸਮ ਸੁਣਤੇ ਰਹੇ ਹੈਂ। ਪਰੰਤੁ ਜੈਸੈ ਇਹ ਬਾਈ ਸਿੰਘ ਰਾਣੀ ਮੰਦਾਲਸਾ ਕੇ ਪਵਿੱਤ੍ਰ ਪੁਤ੍ਰੋਂ ਕੀ ਤਰਾਂ ਆਪ ਕਾ ਉਪਦੇਸ ਬਸੇਸ ਧਾਰ ਕੇ ਨਿਰਵਾਸ ਹੋ ਕਰ ਬਨ ਕੋ ਚਲੇ ਗਏ। ਤੈਸੇ ਹਮ ਸਬੀ ਕਜੋਂ ਨਹੀਂ ਬ੍ਰਹਮਗਜਾਨੀ ਨਿਰਵਾਸ ਭਏ ? ਇਸ ਤੈ ਜਾਣੀਦਾ ਹੈ ਜੋ ਉਨ ਪਰ ਆਪ ਕੀ ਕ੍ਰਿਪਾ ਬਸੇਸ਼ ਥੀ। ਕਾਹੇ ਤੈਂ ਨਟਵਤ ਪ੍ਰੇਰਕ ਤੋ ਸਰਬ ਕੇ ਆਪ ਹੀ ਹੋ। ਏਹ ਪ੍ਰਸ਼ਨ ਸੁਣ ਕੇ ਗੁਰੂ ਜੀ ਨੇ ਫੁਰਮਾਯਾ, ਹੇ ਖਾਲਸਾ ਜੀ ! ਜੈਸੇ ਮੇਘ ਬਰਸਤਾ ਹੈ। ਕਾਤਕ ਦੇ ਮਹੀਨੇ ਸਰਬ ਸਿੱਪੀਆ ਸ੍ਵਾਤੀ ਬੂੰਦ ਲੇਤੀ ਹੈਂ ਪਰੰਤੂ ਸਰਬ ਮੈਂ ਏਕ ਸਮ ਮੋਤੀ ਨਹੀਂ ਹੋਤੇ। ਔਰ ਜੈਸੇ ਬਾਵਨ ਚੰਦਨ ਕੀ ਸੁਗੰਧੀ ਸਹਿਤ ਪਵਣ ਸਰਬ ਬ੍ਰਿਛਾਂ ਕੋ ਸਪ੍ਰਸ਼ ਕਰਤੀ ਹੈ। ਪਰੰਤੁ ਸਬੀ ਬ੍ਰਿਛ ਏਕ ਸਮੇਂ ਚੰਦਨ ਨਹੀਂ ਬਨ ਜਾਤੇ। ਇਸ ਮੈਂ ਮੇਘ ਔਰ ਚੰਦਨ ਕਾ ਹੇਤੁ ਕੁਹੇਤੁ ਨਹੀਂ, ਤੈਸੇ ਹਮ ਨੇ ਤੋ ਸਬ ਕੋ ਸਮ ਉਪਦੇਸ਼ ਕੀਆ ਹੈ ਆਗੇ ਧਾਰਣਾ ਬੁੱਧੀ ਕੇ ਸੋਕ ਅਨੁਸਾਰ ਹੈ। ਹਮਾਰੇ ਕੀਏ ਉਪਦੇਸ਼ ਕਾ ਅਭਜਾਸ ਮਨਨ ਕੀਆ ਕਰੋ ਕਭੀ ਤੁਮ ਭੀ ਨਿਰਵਾਸ ਹੋ ਜਾਓਗੇ। ਹੇ ਭਾਈ ਸਿੱਖੋ ! ਜੈਸੇ ਈਸ਼੍ਵਰ ਕੇ ਸੰਕਲਪ ਤੈ ਉਪਜੀ ਸ੍ਰਿਸ਼ਟੀ ਮੈਂ ਸਹਿਜ ਭਾਵ ਹੀ ਸਨਕਾਦਿਕੋਂ ਸੈਂ ਨਵਿਰਤੀ ਮਾਰਗ ਔਰ ਪੁਲੈ ਪੁਲਸਥ ਕੱਸਪ ਬਸਿਸ਼ਟ ਆਦਿਕੋਂ ਸੈ ਪਰਵਿਰਤੀ ਮਾਰਗ ਬਿਸਤਾਰ ਹੂਆ ਹੈ, ਤੈਸੇ ਮੇਰੇ ਸੰਕਲਪ ਤੈ ਪ੍ਰਗਟ ਭਯਾ ਜੋ ਪੰਥ ਖਾਲਸਾ ਇਸ ਮੈ ਸਤੋ ਗੁਨੀ ਬਿਹੰਗਮ ਨਿਰਮਲੇ ਸਿੰਘੋਂ ਦ੍ਵਾਰਾ ਨਿਵਿਰਤੀ ਰੂਪ ਸੰਤ ਮਾਰਗ ਔਰ ਰਜੋ ਗੁਨੀ ਗ੍ਰਿਹਸਥੀ ਸਿੰਘੋਂ ਦ੍ਵਾਰਾ ਪਰਵਿਰਤੀ ਰੂਪ ਸੰਸਾਰ ਮਾਰਗ ਬ੍ਰਿਧ ਹੋਵੇਗਾ। ਕਾਹੇ ਤੈ ਪ੍ਰਵਿਰਤੀ ਮਾਰਗ ਬਿਨਾ ਸ਼ਸਤ੍ਰ ਬਿੱਦਜਾ ਕਾ ਅਭਜਾਸ ਰਾਜ ਸਾਜ ਕੀ ਪ੍ਰਾਪਤੀ ਪੰਥ ਕੀ ਬ੍ਰਿਧੀ ਨਹੀਂ ਹੋਤੀ ਔਰ ਨਵਿਰਤੀ ਮਾਰਗ ਬਿਨਾ ਸ਼ਾਸਤ੍ਰ ਬਿਦਜਾ ਕਾ ਅਭਜਾਸ ਧਰਮ ਕਾ ਉਪਦੇਸ਼ ਸਤਸੰਗ ਨਹੀਂ



Digitized by Panjab Digital Library | www.panjabdigilib.org

ਹੋਤਾ ਤਾਂਤੇ ਜੈਸੇ ਦੋਨੋਂ ਪੰਖੋਂ ਕੇ ਆਸਰੇ ਪੰਖੀ ਬਹੁਤ ਉਡਾਰੀ ਲੇਤਾ ਹੈ ! ਏਕ ਪੰਖ ਹੀਨ ਪੰਖੀ ਉਡ ਨਹੀਂ ਸਕਤਾ, ਤੈਸੇ ਮੇਰਾ ਪੰਥ ਦੋਨੋਂ ਬਿੱਦਜਾ ਔਰ ਦੋਨੋਂ ਮਾਰਗੋਂ ਸਹਿਤ ਬਹੁਤ ਬ੍ਰਿਧ ਹੋਵੇਗਾ। ਏਹ ਦੋਨੋਂ ਮਾਰਗ ਪੰਥ ਖਾਲਸੇ ਕੀ ਦੋਨੋਂ ਭੁਜਾ ਹੈਂ। ਪੁਨਾ ਖਾਲਸੇ ਜੀ ਨੇ ਪ੍ਰਸ਼ਨ ਕੀਤਾ, ਹੇ ਸਤਗੁਰੋ ਆਪ ਨੇ ਜੋ ਪਹਿਲੇ ਪਾਂਚ ਸਿੱਖ ਕਖਾਇ ਬਸਤ੍ਰ ਪਹਿਰਾਇ ਕੇ ਕਾਂਸ਼ੀ ਜੀ ਬਿੱਦਜਾ ਪੜ੍ਹਨੇ ਭੇਜੇ ਥੇ। ਫੇਰ ਅਨੂਪ ਕੌਰ ਕੇ ਚਰਿਤ੍ਰ ਮੈਂ ਆਪ ਕਾਖਾਇ ਬਸਤ੍ਰ ਧਾਰ ਕੇ ਏਕ ਸਿੱਖ ਕੌ ਪਹਿਰਾਇ ਦੀਏ ਥੇ। ਅਬ ਭਾਈ ਕਰਮ ਸਿੰਘ ਆਦਿਕ ਬਾਈ ਸਿੰਘਾ ਨੂੰ ਕਾਖਾਇ ਬਸਤ੍ਰ ਧਾਰਨੇ ਕਾ ਹੁਕਮ ਆਪ ਨੇ ਦੀਆ ਹੈ। ਸੋ ਕਾਖਾਇ ਬਸਤ੍ਰ ਧਾਰੇ ਬਿਨਾ ਕਜਾ ਸੰਤ ਨਹੀਂ ਬਨ ਸਕਤੇ ? ਸਾਧਨ ਕਰਨੇ ਵਾਲੇ ਕਾ ਨਾਮ ਸਾਧੂ ਹੈ ਔਰ ਆਪ ਨੇ ਅਪਨੀ ਬਾਣੀ ਮੈਂ ਸਰਬ ਭੇਖ ਧਾਰੀਓਂ ਕਾ ਨਿਖੇਧ ਕਰ ਕੇ ਫੁਰਮਾਯਾ ਹੈ "ਨਾ ਭੇਖੀ ਕਹਾਂਉ, ਨਾ ਡਿਭੰ ਦਿਖਾਂਉ।" ਅਬ ਆਪ ਨੇ ਏਹ ਭੇਖ ਅਪਨੇ ਸਿੱਖਾਂ ਕੋ ਕਿਸ ਲੀਏ ਧਾਰਨ ਕਰਾਯਾ ਹੈ ? ਏਹ ਪ੍ਰਸ਼ਨ ਸੁਣ ਕੇ ਸ੍ਰੀ ਕਲਗੀਧਰ ਜੀ ਨੇ ਫੁਰਮਾਯਾ, ਹੇ ਖਾਲਸਾ ਜੀ ! ਪ੍ਰਥਮੇਂ ਤੋ ਗੁਰੂ ਨਾਨਕ ਸਾਹਿਬ ਜੀ ਕੇ ਵਕਤ ਸੈਂ ਮੰਜੀਠੀ ਰੰਗ ਦੇ ਬਸਤ੍ਰ ਪਹਿਰਨੇ ਗੁਰੂ ਕੇ ਪੰਥ ਮੈਂ ਪਰਵਾਣ ਹੈਂ। ਏਸੇ ਵਾਸਤੇ ਕਿਸੀ ਕਿਸੀ ਨਮਿਤ ਕੋ ਲੇ ਕਰ ਹਮ ਨੇ ਆਪ ਕਾਖਾਇ ਰੰਗ ਦੇ ਬਸਤ੍ਰ ਪਹਿਰ ਕੇ ਏਸ ਰੰਗ ਦੇ ਅਧਿਕਾਰੀ ਸਿੱਖਾਂ ਨੂੰ ਪਹਿਰਾਏ ਹੈਂ ਔਰ ਜੋ ਹਮ ਨੇ ਭੇਖੀਓਂ ਕੇ ਚਿੰਨ੍ਹ ਨਿਖੇਧੇ ਹੈ, ਸੋ ਭਜਨ ਭਗਤੀ ਬਿਨਾ ਪਖੰਡੀ ਲੋਗੋਂ ਕੇ ਚਿੰਨ੍ਹ ਨਿਖੇਧੇ ਹੈਂ। ਭਗਤੀ ਭਜਨ ਕਰਨ ਵਾਲਜੋਂ ਕੇ ਚਿੰਨ੍ਹ ਨਹੀਂ ਨਿਖੇਧੇ। ਜੇਕਰ ਸਰਬ ਥਾ ਚਿੰਨ੍ਹੋਂ ਕਾ ਨਿਖੇਧ ਕਰਤੇ ਤਾਂ ਹਮ ਨੇ ਭੀ ਕੱਛ ਕ੍ਰਿਪਾਨਾਦਿਕ ਚਿੰਨ੍ਹ ਰਖਾਏ ਹੈਂ। ਸੋ ਕਾਹੇ ਰਖਾਵਤੇ ? ਔਰ ਏਹ ਕਾਖਾਇ ਬਸਤ੍ਰ ਸੰਤ ਬਾਣਾ ਨਵਿਰਤੀ ਮਾਰਗ ਵਾਲੇ ਸਿੱਖਾਂ ਕੋ ਹਮ ਨੇ ਇਸ ਵਾਸਤੇ ਧਾਰਣ ਕਰਾਯਾ ਹੈ ਜੋ ਏਦ



Digitized by Panjab Digital Library | www.panjabdigilib.org

ਸ਼ਾਸਤ੍ਰ ਪੁਰਾਣੋਂ ਸੈ ਔਰ ਗੁਰੂ ਗ੍ਰੰਥ ਸਾਹਿਬ ਜੀ ਕੀ ਬਾਣੀ ਸੈਂ ਸੰਤੋਂ ਕੀ ਮਹਿਮਾ ਸਤਸੰਗ ਕੇ ਲਾਭ ਸੁਣ ਕਰ ਹਮਾਰੇ ਸਿੱਖ ਸਿੱਖਣੀਆਂ ਭੀ ਸੰਤੋਂ ਕੀ ਸੇਵਾ ਸਤਸੰਗ ਕੀਆ ਕਰੇਂਗੇ ਔਰ ਭਗਵੇਂ ਬਸਤ੍ਰ ਧਾਰੀ ਕੋ ਯਾ ਖਾਕ ਜਟਾ ਵਾਲੇ ਕੋ ਸਬ ਲੋਗ ਸਾਧੂ ਜਾਨਤੇ ਹੈਂ। ਸੋ ਕੋਈ ਮੁੰਡਤ ਸਾਧੂ ਤਮਾਕੂ ਕੀ ਨਸਵਾਰ ਲੇਤਾ ਹੈ। ਕੋਈ ਜਟਲ ਖਾਕੀ ਤਮਾਕੂ ਗਾਂਜਾ ਪੀਤਾ ਹੈ। ਕੋਈ ਕੈਂਚੀ ਮੋਚਨੇ ਸੇ ਕੇਸ ਨੋਚਤਾ ਮੋਚਤਾ ਹੈ। ਜਬ ਹਮਾਰੇ ਸਿੱਖ ਖੰਡੇ ਦੇ ਅੰਮ੍ਰਿਤੀਏ ਉਨਹੀ ਕੋ ਸਾਧੂ ਸਮਝ ਕੇ ਉਨਕੀ ਸੇਵਾ ਸੰਗਤ ਕਰੇਂਗੇ। ਸੰਗਤ ਕਾ ਅਸਰ ਹੂਏ ਬਿਨਾ ਰਹਿਤਾ ਨਹੀਂ। ਕੋਈ ਸਿੰਘ ਉਨ ਕੇ ਪੈਰ ਧੋਇ ਕੇ ਪੀਵੇਗਾ। ਕੋਈ ਉਨ ਸੈਂ ਉਪਦੇਸ਼ ਲੇ ਕਰ ਉਨ ਮੈਂ ਗੁਰੂ ਭਾਵਨਾ ਧਾਰ ਲੇਵੇਗਾ। ਕੋਈ ਉਨਕਾ ਜੂਠਾ ਖਾਏਗਾ ਕੋਈ ਮੂਰਖ ਉਨਕੀ ਪ੍ਰੇਰਣਾਂ ਸੈਂ ਹੁੱਕਾ ਤਮਾਕੂ ਬਰਤਨੇ ਕੇਸ ਕਟਾਉਣੇ ਲਗ ਜਾਏਗਾ। ਇਸ ਪ੍ਰਕਾਰ ਉਨ ਪਰ ਪੰਥੀ ਲੋਗੋਂ ਕੇ ਸੰਜੋਗ ਸੈਂ ਹਮਾਰੇ ਸਿੰਘੋਂ ਤੇ ਸਿੰਘੀ ਧਰਮ ਛੁਟ ਜਾਏਗਾ, ਧਰਮ ਨਾਸ ਭਏ, ਨਰਕੋਂ ਕੇ ਅਧਿਕਾਰੀ ਹੋ ਜਾਵੇਂਗੇ। ਯਥਾ "ਇਕ ਛੋਡ ਦੂਜੇ ਲਗੇ ਡੂਬੇ ਸੇ ਵਣਜਾਰਿਆ।" ਜੇਕਰ ਕੋਈ ਸਿਦਕੀ ਸਿੰਘ ਪਰ ਪੰਥੀਓਂ ਕੇ ਕੁਸੰਗ ਸੈਂ ਬਚ ਰਹੇਗਾ ਤਬ ਉਨ ਕੀ ਸਿੱਖਣੀਆਂ ਤੋ ਜਰੂਰ ਉਨ ਪਰ ਪੰਥੀਓਂ ਕੀ ਪ੍ਰੇਰੀ ਹੂਈ ਅਪਨੇ ਖਾਸ ਧਰਮ ਤੈ ਹੀਨ ਹੋ ਜਾਵੇਗੀ ਉਨ ਅਰਧੰਗੀਓਂ ਸਾਥ ਆਚਾਰ ਬਿਹਾਰ ਅਭੇਦ ਹੋਣੇ ਕਰ ਅੰਮ੍ਰਿਤੀਏ ਸਿੰਘੋਂ ਦਾ ਭੀ ਧਰਮ ਤੇਜ ਪ੍ਰਤਾਪ ਨਾ ਰਹੇਗਾ। ਏਸੇ ਵਾਸਤੇ ਗੈਰ ਮਤ ਵਾਲੇ ਲੋਗੋਂ ਕੀ ਸੰਗਤ ਕਰਨੀ ਔਰ ਧਰਮ ਧਾਰਨਾ ਅਨੇਕ ਅਨਰਥੋਂ ਕਾ ਕਾਰਨ ਸ਼ਾਸਤ੍ਰੋਂ ਮੈਂ ਲਿਖਾ ਹੈ। ਇਸੀ ਕਾਰਨ ਤੈ ਹਮ ਨੇ ਅਪਣੇ ਸਿੱਖ ਖੰਡੇ ਦੇ ਅੰਮ੍ਰਿਤੀਏ ਨਿਰਮਲੇ ਸੰਤ ਰਚੇ ਹੈਂ ਔਰ ਕਾਖਾਇ ਬਸਤ੍ਰ ਸੰਤ ਬਾਣਾ ਪਹਿਰਾ ਕਰ ਇਨਕੋ ਸੰਤ ਪਦਵੀ ਬਖਸ਼ੀ ਹੈ। ਨਿਰਮਲੇ ਸੰਤੋਂ ਕੀ ਸਤਸੰਗਤ ਸੇਵਾ ਕਰਨੇ ਵਾਲੇ



Digitized by Panjab Digital Library | www.panjabdigilib.org

ਗ੍ਰਿਹਸਥੀ ਸਿੰਘੋਂ ਕਾ ਸਿੰਘੀ ਧਰਮ ਭੀ ਬਨਾ ਰਹੇਗਾ ਔਰ ਜਨਮ ਮਰਨ ਕੇ ਬੰਧਨ ਭੀ ਕਟ ਜਾਏਂਗੇ। ਤਾਂਤੇ ਮੇਰੇ ਸਿੰਘ ਸਿੰਘਣੀਆਂ ਕੋ ਗ੍ਰੰਥ ਸਾਹਿਬ ਜੀ ਸੈਂ ਸੰਤੋਂ ਕੀ ਮਹਿਮਾ ਪੜ੍ਹ ਸੁਣ ਕੇ ਨਿਰਮਲੇ ਸੰਤੋਂ ਕੀ ਸੰਗਤ ਸੇਵਾ ਕਰਨੀ ਜੋਗ ਹੈ। ਹੋਰ ਭੇਖੀ ਕੀ ਸੰਗਤ ਕਰਨੀ ਜੋਗ ਨਹੀਂ। ਕਾਹੇ ਤੇ "ਇਸ਼ਟ ਦੇਵ ਬਿਨ ਸਿਧਿ ਨ ਹੋਈ। ਕੋਟਿ ਉਪਾਵ ਕਰੇ ਜੇ ਕੋਈ।" ਸੋ ਖਾਲਸੇ ਜੀ ਕਾ ਇਸ਼ਟ ਨਿਰਮਲੇ ਸੰਤ ਹੈਂ। ਹੋਰ ਭੇਖ ਨਹੀਂ। ਜੈਸੇ ਬਰਦੀ ਵਾਲੇ ਕੋ ਸਿਪਾਹੀ ਚਪੜਾਸ ਵਾਲੇ ਕੋ ਚਪੜਾਸੀ ਕਹਿਤੇ ਹੈ, ਤੈਸੇ ਸੰਸਾਰੀ ਲੋਗ ਭਗਵੇਂ ਵਸਤਰ ਧਾਰੀ ਕੋ ਸੰਤ ਸਮਝਤੇ ਹੈਂ। ਏਸੇ ਵਾਸਤੇ ਸਨਾਤਨ ਰਿਖੀਓਂ ਕਾ ਬਾਣਾ ਭਗਵਾਨ ਕਾ ਭਗਵਾਂ ਭੇਸ ਪਰਮ ਪਵਿੱਤ੍ਰ ਪੂਜਨੀਕ ਸਮਝ ਕੇ ਹਮ ਨੇ ਨਿਰਮਲੇ ਸਿੱਖਾਂ ਕੋ ਧਾਰਨ ਕਰਾਇ ਕੇ ਸੰਤ ਪਦਵੀ ਬਖਸ਼ੀ ਹੈ। ਕਾਹੇ ਤੇ ਨਿਰਮਲੇ ਸਿੰਘੋਂ ਕਾ ਔਰ ਗ੍ਰਿਹਸਥੀ ਸਿੰਘੋਂ ਕਾ ਆਸ਼ਾ ਇਸ਼ਟ ਉਪਾਸਨਾ ਏਕ ਹੈ। ਖੰਡੇ ਕੇ ਅੰਮ੍ਰਿਤੀਏ ਸੰਤ ਕੇ ਚਰਣ ਧੋਇ ਕਰ ਪੀਣੇ ਸੈਂ ਔਰ ਸੀਤ ਪ੍ਰਸਾਦ ਛਕਣੇ ਤੇ ਸਿੰਘ ਕਾ ਸਿੰਘੀ ਧਰਮ ਭੀ ਕਾਯਮ ਰਹੇਗਾ ਔਰ ਸੰਤ ਸੇਵਾ ਸਤਸੰਗ ਭੀ ਬਨਾ ਰਹੇਗਾ। ਧਰਮ ਕਾਯਮ ਰਹਿਣੇ ਤੇ ਖਾਲਸੇ ਕਾ ਤੇਜ ਪ੍ਰਤਾਪ ਸੁਖ ਸੰਪਤਾ ਬ੍ਰਿੱਧ ਹੋਤੇ ਰਹੇਗੇਂ। ਸਾਹਿਬ ਰਾਮ ਕੌਰ ਜੀ ਕਹਿਤੇ ਭਏ, ਹੇ ਭਾਈ ਸਿੱਖੋ! ਸ੍ਰੀ ਕਲਗੀਧਰ ਜੀ ਸੈਂ ਏਹ ਪ੍ਰਸੰਗ ਸੁਨ ਕਰ ਸਬ ਸਿੰਘ ਨਿਰਸੰਦੇਹ ਹੋ ਕਰ ਪਰਮਾਨੰਦ ਮੈਂ ਮਗਨ ਹੋਤੇ ਭਏ ਔਰ ਗੁਰੂ ਸਾਹਿਬ ਆਪਣੇ ਤੰਬੂ ਮੈਂ ਜਾਇ ਬਿਰਾਜੇ।

ਸਾਖੀ ੧੨॥ ਪਿਛਲਾ ਪ੍ਰਸੰਗ ਸੁਣ ਕੇ ਭਾਈ ਗੰਡਾ ਸਿੰਘ ਜੀ ਨੇ ਸਾਹਿਬ ਰਾਮ ਕੌਰ ਆਗੇ ਬੇਨਤੀ ਕੀਤੀ, ਹੇ ਭਗਵਨ! ਅਬ ਸਰਬ ਪ੍ਰਕਾਰ ਹਮ ਕੋ ਨਿਰਸੰਦੇਹ ਨਿਸਚੇ ਹੋ ਗਿਆ ਹੈ ਕਿ ਨਿਰਮਲ ਪੰਥ ਖਾਲਸਾ ਖਾਸ ਗੁਰੂ ਸਾਹਿਬੋ ਕਾ ਪੰਥ ਹੈ ਔਰ ਇਸੀ ਮੈਂ ਗੁਰੂ ਸਾਹਿਬੋਂ



Digitized by Panjab Digital Library | www.panjabdigilib.org

ਕੀ ਜੋਤਿ ਨਿਰਮਲ ਭੇਖ ਇਸਥਿਤ ਹੈਂ ਔਰ ਕਾਖਾਇ ਬਸਤ੍ਰ ਭੀ ਇਸ ਪੰਥ ਮੈਂ ਗੁਰੂ ਨਾਨਕ ਜੀ ਸੈਂ ਚਲੇ ਆਵਤੇ ਹੈਂ। ਔਰ ਦਸਮੇਂ ਪਾਤਸ਼ਾਹ ਜੀ ਨੇ ਭੀ ਨਿਰਮਲੇ ਸਿੱਖਾ ਨੂੰ ਅੱਮ੍ਰਿਤ ਛਕਾ ਕੇ ਭਗਵੇ ਬਸਤ੍ਰ ਕਈ ਬਾਰ ਬਖਸ਼ੇ ਹੈਂ। ਇਨ ਬਾਤੋਂ ਮੈਂ ਹਮ ਕੋ ਕੋਈ ਸੰਸਾ ਨਹੀਂ ਰਹਾ ਅਬ ਏਕ ਔਰ ਬੇਨਤੀ ਹੈ। ਪ੍ਰਸ਼ਨ॥ ਪੰਥ ਖਾਲਸੇ ਮੈਂ ਨੀਲੇ, ਪੀਲੇ, ਸਬਜ਼, ਸੁਫੇਦ, ਕਟਈ, ਮੰਜੀਠੀ, ਸੰਧੂਰੀ, ਗੇਰੀਏ ਆਦਿਕ ਅਨੇਕ ਰੰਗਾਂ ਦੇ ਬਸਤ੍ਰ ਪਹਿਰੇ ਜਾਤੇ ਹੈਂ ਤਾਂਤੇ ਹਮਕੋ ਕੈਸਾ ਆਚਾਰ ਬਿਹਾਰ ਰੰਗ ਰੱਖਣਾ ਜੋਗ ਹੈ? ਏਹ ਪ੍ਰਸ਼ਨ ਸੁਣ ਕੇ ਭਾਈ ਗੁਰਬਖਸ਼ ਸਿੰਘ ਜੀ ਕਹਿਤੇ ਭਏ, ਹੇ ਖਾਲਸਾ ਜੀ! ਜਿਸ ਕੋ ਗ੍ਰਿਹਸਥ ਕਰਨੇ ਰਾਜ ਸਾਜ ਲੈਨੇ ਕੀ ਇੱਛਜਾ ਹੋਵੇ, ਸੋ ਪਰਵਿਰਤੀ ਮਾਰਗ ਮੈਂ ਰਹਿ ਕਰ ਸੁਕਲ, ਸਬਜ਼, ਸੁਰਖ ਆਦਿਕ ਮਨਭਾਵਤੇ ਪੁਸ਼ਾਕੇ ਪਹਿਰੇ। ਧਰਮ ਦੀ ਕ੍ਰਿਤ ਕਰ ਕੇ ਉਸ ਮੈਂ ਸੇ ਦਸਵਾਂ ਹਿੱਸਾ ਅੱਭਜਾਗਤ ਸਿੱਖਾਂ ਸਾਧਾਂ ਕੋ ਛਕਾਵਤਾ ਰਹੇ। ਸੰਤਾ ਕੀ ਸੰਗਤ ਸੇਵਾ ਪ੍ਰਮੇਸ਼ਰ ਕੀ ਭਗਤੀ ਮੈਂ ਤਤਪਰ ਰਹੇ। ਅਪਨੀ ਕਮਾਈ ਪਰ ਸੰਤੋਖ ਰੱਖੇ। ਚੋਰੀ, ਯਾਰੀ, ਚੁਗਲੀ, ਨਿੰਦਾ ਨਾ ਕਰੇ। ਧਨ ਪੁੱਤ੍ਰ ਇਸਤ੍ਰੀ ਆਦਿਕ ਸਬ ਵਸਤੂ ਕੋ ਪਰਮੇਸ਼ਰ ਕੀ ਮਾਯਾ ਮਾਨ ਕੇ ਆਪ ਕੋ ਰਖਵਾਲਾ ਔਰ ਸੇਵਕ ਪ੍ਰਭੂ ਕਾ ਸਮਝੇ। ਗ੍ਰਿਹਸਥੀ ਹੋਵੇ ਤਬ ਐਸਾ ਹੋਵੇ। ਜਿਸ ਕੋ ਸੰਤ ਰੂਪ ਨਵਿਰਤੀ ਮਾਰਗ ਮੈਂ ਰਹਿਣੇ ਦੀ ਇੱਛਜਾ ਹੋਵੇ, ਸੋ ਮੰਜੀਠੀ, ਸੰਧੂਰੀ, ਗੇਰੀ ਰੰਗ ਦੇ ਕਾਖਾਇ ਬਸਤ੍ਰ ਪਹਿਰੇ। ਤੂੰਬਾ ਕਠਾਰਾ ਮਿੱਟੀ ਕਾ ਪਾਤ੍ਰ ਉੱਨ ਕੀ ਔਰ ਚੰਦਨ ਕੀ ਮਾਲਾ ਆਸਣ ਪਊਏ ਸੰਤੋਂ ਕਾ ਬਾਣਾ ਸੁਚ ਪਵਿੱਤ੍ਰ ਉਜਲ ਕ੍ਰਿਯਾ ਰੱਖੇ। ਜੋ ਕੁਛ ਪਰਾਰਭਧ ਅਨੁਸਾਰ ਛਾਦਨ ਭੋਜਨ ਮਿਲੇ, ਸੋ ਵੀਚਾਰ ਕੇ ਸਤ ਸੰਤੋਖ ਸੈਂ ਬਰਤ ਲੇਵੇ। ਏਕਾ ਏਕੀ ਨਾ ਬਰਤੈ। ਸਤਸੰਗ ਮੇਂ ਰਹੇ। ਸਤ ਸ਼ਾਸਤ੍ਰ ਕਾ ਪਰਚਾ ਰੱਖੇ। ਖਾਵੇ ਸੋਵੇ ਬੋਲੇ ਥੋੜਾ। ਲੋਗ ਦਿਖਾਵੇ ਹੇਤ ਕੋਈ ਕਰਮ ਜਪ ਤਪ ਨਾ



Digitized by Panjab Digital Library | www.panjabdigilib.org

ਕਰੇ। ਜ਼ਰ ਜੋਰੂ ਜ਼ਮੀਨ ਕਾ ਤਯਾਗ ਔਰ ਵੈਰਾਗਯ ਰੱਖੇ। ਆਪ ਤੈ ਅਧਿਕ ਧਾਰਣਾ ਵਾਲੇ ਸੰਤੋਂ ਕੀ ਸੰਗਤਿ ਸੰਸੇ ਨਵਿਰਤੀ ਵਾਸਤੇ ਹੇਤੂ ਬਾਦ ਚਰਚਾ ਕਰਤਾ ਰਹੇ। ਜਲਪ ਬਤਿੰਡੇ ਚਰਚਾ ਨਾ ਕਰੇ! ਦੂਸਰੇ ਕੋ ਮਾਨ ਦੇਵੇ। ਆਪ ਅਮਾਨ ਰਹੇ। ਅਤਿ ਸੰਤੋਖੀ, ਧੀਰਜੀ, ਗੰਭੀਰ ਉਦਾਰ ਸਹਿਨ ਸੀਲ ਸੁਭਾਵ ਰੱਖੇ। ਜੇਕਰ ਸ਼ਰੀਰ ਮੈਂ ਬਲ ਹੋਵੇ ਤਬ ਭਿੱਛਯਾ ਮਧੂਕਰੀ ਮਾਗ ਖਾਵੇ। ਬੇਦ ਸ਼ਾਸਤ੍ਰ ਮੈਂ ਸੰਤ ਵਾਸਤੇ ਏਹ ਅਤੀ ਉੱਤਮ ਆਜੀਵਿਕਾ ਲਿਖੀ ਹੈ। ਗ੍ਰੰਥ ਸਾਹਿਬ ਜੀ ਕਾ ਭੀ ਬਚਨ ਹੈ, "ਸਬ ਤੈ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜ। ਦਾਵਾ ਕਾਹੂ ਕੋ ਨਹੀਂ ਬਡੋ ਦੇਸ ਬਡ ਰਾਜ।" ਬ੍ਰਿਕਤ ਸੰਤ ਹਮੇਸ਼ ਏਕ ਘਰ ਮੈਂ ਭੋਜਨ ਨਾ ਕਰੈ ਔਰ ਨਾ ਏਕ ਮੁਕਾਨ ਮੇਂ ਚਿਰ ਕਾਲ ਬਸੇ। ਐਸੀ ਬ੍ਰਿਤੀ ਵਾਲੇ ਕੋ ਪਰਮਹੰਸ ਬਹੂਦਕ ਸੱਨਯਾਸੀ ਕਹਿਤੇ ਹੈਂ। ਜੇਕਰ ਬਿਚਰਨੇ ਕੀ ਇੱਛਯਾ ਸ਼ਕਤੀ ਨਾ ਹੋਵੇ, ਤਬ ਕਿਸੀ ਨਦੀ ਤਾਲਾਬ ਕੂਪ ਨਗਰ ਕੇ ਨਜ਼ਦੀਕ ਨਿਰਬਾਹ ਮਾਤ੍ਰ ਕੁਟੀਆ ਬਨਵਾਇ ਕੇ ਬੈਠ ਰਹੇ। ਭਿੱਛਯਾ ਸੈਂ ਨਿਰਬਾਹ ਕਰੇ "ਭੀਖ ਮੈਂ ਸੇ ਭੀਖ ਦੇਇ। ਤੀਨ ਲੋਕ ਜੀਤ ਲੇਇ।" ਆਏ ਸੰਤ ਕੋ ਭੂਖਾ ਨ ਜਾਨੇ ਦੇਵੇ। ਕਥਾ ਕੀਰਤਨ ਸਤਸੰਗ ਗੁਰਬਾਣੀ ਕੇ ਪਠਨ ਪਾਠਨ ਕਾ ਪਰਚਾ ਰੱਖੇ। ਜਿਸ ਸੇ ਨਗਰ ਨਿਵਾਸੀ ਸਿੱਖ ਸੇਵਕ ਭੀ ਭਜਨ ਭਗਤੀ ਮੈਂ ਲਗੇ ਰਹੈਂ। ਐਸੀ ਬ੍ਰਿੱਤੀ ਵਾਲੇ ਕੋ ਕੁਟੀਚਕ ਸੱਨਯਾਸੀ ਕਹਿਤੇ ਹੈਂ। ਤਾਂਤੇ ਤੁਮ ਜੈਸੇ ਬੈਰਾਗਯ ਵੀਚਾਰ ਵਾਲੇ ਸਿੰਘੋਂ ਕੋ ਨਵਿਰਤੀ ਮਾਰਗ ਮੈ ਸੰਤ ਰੂਪ ਰਹਿਣਾ ਜੋਗਯ ਹੈ। ਏਹ ਬਾਂਛਤ ਉਪਦੇਸ਼ ਸੁਣ ਕਰ ਪੁਨਾ ਭਾਈ ਗੰਡਾ ਸਿੰਘ ਜੀ ਨੇ ਪ੍ਰਾਰਥਨਾ ਕੀਤੀ, ਹੇ ਭਗਵਨ! ਆਪ ਨੇ ਜੋ ਕਾਖਾਇ ਬਸਤ੍ਰ ਧਾਰਣ ਆਦਿ ਚਿੰਨ੍ਹ ਸੰਤੋਂ ਕੇ ਬਤਾਏ ਹੈਂ, ਸੋ ਇਨ ਚਿੰਨੋਂ ਤੈ ਬਿਨਾ ਕਯਾ ਸੰਤ ਪਦਵੀ ਨਹੀਂ ਮਿਲਤੀ? ਕਬੀਰ, ਨਾਮਦੇਵ, ਧੰਨਾ, ਤ੍ਰਿਲੋਚਨਾਦਿਕ ਨੇ ਕੌਣ ਸਾ ਚਿੰਨ੍ਹ ਧਾਰਾ ਥਾ? ਫੇਰ ਦਸੋ ਗੁਰੂਓਂ



Digitized by Panjab Digital Library | www.panjabdigilib.org

ਨੇ ਭੀ ਕੋਈ ਅਧਿਕ ਚਿੰਨ੍ਹ ਨਹੀਂ ਰਖਿਆ। ਏਹ ਪ੍ਰਸ਼ਨ ਸੁਣ ਕੇ ਸਾਹਿਬ ਰਾਮ ਕੌਰ ਜੀ ਬੋਲੇ, ਹੇ ਖਾਲਸਾ ਜੀ! ਕਬੀਰ ਆਦਿਕ ਤੋ ਪੂਰਬ ਜਨਮ ਦੀ ਕਮਾਈ ਦੇ ਬਲ ਸੋਂ ਸ਼ਕਤੀ ਵਾਲੇ ਭਗਤ ਹੂਏ ਹੈਂ ਸੰਤ ਨਹੀਂ ਹੂਏ। ਔਰ ਗੁਰੂ ਸਾਹਿਬ ਭੀ ਜੱਦਜਪਿ ਈਸ਼ਰ ਅਵਤਾਰ ਸਰਬ ਸ਼ਕਤੀਵਾਨ ਕਾਰਕ ਹੂਏ ਹੈਂ, ਤੋ ਭੀ ਸੇਲੀ ਟੋਪੀ, ਕਾਖਾਇ ਚੋਲ੍ਹਾ, ਅੰਚਲਾ, ਮਾਲਾ ਆਦਿਕ ਚਿੰਨ੍ਹ ਸੰਤੋਂ ਕੇ ਰਖਤੇ ਰਹੇ ਹੈਂ। ਪੰਜਾਬ ਦੇਸ ਮੈ ਸੱਚਾ ਪਾਤਸ਼ਾਹ ਔਰ ਸਤਗੁਰੂ ਸੰਤ ਵੇਸ ਵਾਲੇ ਕੋ ਕਹਿਤੇ ਹੈਂ ਦੂਸਰੇ ਕੋ ਨਹੀਂ ਕਹਿਤੇ। ਇਸੀ ਵਾਸਤੇ ਸਤਗੁਰੂ ਸੱਚਾ ਪਾਤਸ਼ਾਹ ਉਨਕੀ ਪਦਵੀ ਭਈ ਹੈ। ਐਸੇ ਹੀ ਦੱਤਾ ਤ੍ਰੇਯ ਗੋਰਖ ਬਜਾਸ ਸੁਕਦੇਵ ਰਾਮਾਨੁਜ ਸ੍ਰੀ ਚੰਦ ਆਦਿਕ ਫਕੀਰੀ ਕੇ ਚਿੰਨ੍ਹ ਧਾਰਨੇ ਧਰਾਉਨੇ ਵਾਲੇ ਕਾਰਕ ਹੂਏ ਹੈਂ ਕਾਰਕ ਲੋਗ ਈਸ਼ਰ ਅੰਸ ਧਰਮ ਦੀ ਰੱਖਜਾ ਵਾਸਤੇ ਸੁਇੱਛਤ ਸ਼ਰੀਰ ਧਾਰਤੇ ਰਹਿਤੇ ਹੈਂ। ਕਰਮ ਜੱਨਜ ਜਰਮ ਬੰਧਨ ਉਨਕੋ ਨਹੀਂ ਹੋਤਾ। ਯਥਾ "ਜਨਮ ਮਰਣ ਦੁਹਹੂ ਮਹਿ ਨਾਹੀਂ ਜਨ ਪਰ ਉਪਕਾਰੀ ਆਏ। ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨ ਮਿਲਾਏ।" "ਗੁਰਮੁਖ ਆਵੈ ਜਾਇ ਨਿਸੰਗ।" ਇਸੀ ਪ੍ਰਕਾਰ ਦੋ ਸ਼ਾਸਤ੍ਰੋਂ ਪੁਰਾਣੋਂ ਮੈਂ ਭੀ ਬਹੁਤ ਬਚਨ ਹੈਂ। ਜਿਨ ਮੈਂ ਕਾਰਕੋਂ ਕੇ ਸੁਤੰਤ੍ਰ ਜਨਮ ਔਰ ਸੁਤੇ ਗਜਾਨ ਲਿਖੇ ਹੈਂ। ਸੰਤ ਕਮਾਈ ਕਰ ਕੇ ਉਸ ਪਦ ਕੋ ਪਾਵਤਾ ਹੈ। ਇਸੀ ਲੀਏ ਸੰਤ ਪਦਵੀ ਨਿਜਾਰੀ ਹੈ ਤਾਂਤੇ ਉਨ ਈਸ਼ਰ ਕੋਟੀ ਪੁਰਖੋਂ ਕੇ ਕਰਤੱਬਜ ਕੀ ਇੱਛਜਾ ਜੱਗਜਾਸੂ ਨਾ ਕਰੇ ਉਨ ਕਾ ਹੁਕਮ ਕਮਾਵੇ। ਯਥਾ "ਗੁਰੁ ਕਹਿਆ ਸਾ ਕਾਰ ਕਮਾਹੁ। ਗੁਰੁ ਕੀ ਕਰਣੀ ਕਾਹੇ ਧਾਵਹੁ।" ਜੱਦਜਪਿ ਗੁਰੂ ਸਾਹਿਬ ਕਾ ਕਾਖਾਇ ਬਸਤ੍ਰ ਨਮਿਤ ਮਾਤ੍ਰ ਪਹਿਰਤੇ ਰਹੇ ਹੈਂ ਤੋ ਭੀ ਉਨੋਂ ਨੇ ਕਾਖਾਇ ਬਸਤ੍ਰੋਂ ਕੀ ਮਹਿਮਾ ਬਹੁਤ ਲਿਖੀ ਹੈ। ਯਥਾ "ਚੋਲੇ ਜਿਨਕੇ ਰਤੜੇ ਪਜਾਰੇ ਕੰਤ ਤਿਨ੍ਹਾ ਕੇ ਪਾਸ। ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ



Digitized by Panjab Digital Library | www.panjabdigilib.org

ਅਟਦਾਸ।" "ਲਾਲ ਚੋਲ ਨਾ ਤੈ ਤਨ ਸੋਹਿਆ। ਸੁਰਜਨ ਭਾਨੀ ਤਾ ਮਨ ਮੋਹਿਆ।" "ਜੋ ਰਤੇ ਰੰਗ ਏਕ ਕੇ ਨਾਨਕ ਗੂੜ੍ਹਾ ਰੰਗ।" "ਨਾ ਮੈਲਾ ਨਾ ਧੁੰਦਲਾ ਨਾ ਭਗਵਾ ਨਾ ਕਚ। ਨਾਨਕ ਲਾਲੋ ਲਾਲ ਹੈ ਸੱਚੇ ਰਤਾ ਸਚ।" "ਸਚਾ ਰੰਗ ਮਜੀਠ ਕਾ ਵੰਨੀ ਚੜੈ ਚੜਾਉ।" "ਜੋਗੀ ਜਤੀ ਜੁਗਤ ਮਹਿ ਰਹਿਤੇ ਕਰ ਕਰ ਭਗਵੇ ਭੇਖ ਭਏ। ਤਉ ਕਾਰਣ ਸਾਹਿਬਾ ਰੰਗ ਰਾਤੇ। ਤੇਰੇ ਨਾਮ ਅਨੇਕਾ" ਹੋਰ "ਲਾਲ ਰੰਗ ਤਿਸ ਕੋ ਲਗਾ ਜਾਕੇ ਬਡ ਭਾਗਾ" "ਲਾਲ ਗੁਲਾਲ ਗਹਬਰਾ ਸੱਚਾ ਰੰਗ ਚੜਾਉ" ਔਰ ਪਾਤਸਾਹੀ ੧੦ "ਅੰਗ ਵਿਖੈ ਸਜ ਕੈ ਭਗਵੇ ਪਟ ਹਾਥਨ ਮੈਂ ਚਿਪੀਆਂ ਗਹਿਲੈ ਹੈਂ" ਭਗਵਾ ਤੇ ਭੇਸ਼ ਮੇਰੇ ਨੈਣਾਂ ਦੀ ਲਲਾਈ।" ਇੱਤਯਾਦਿਕ ਸੈਕੜੇ ਬਚਨ ਗੁਰੂ ਸਾਹਿਬੋਂ ਕੇ ਕਾਖਾਇ ਬਸਤ੍ਰੋਂ ਕੀ ਮਹਿਮਾ ਪਰ ਹੈ। ਚੰਗੀ ਵਸਤੂ ਕੀ ਮਹਿਮਾ ਕਰੀ ਜਾਤੀ ਹੈ। ਜੈਸੇ ਦੈਵੀ ਗੁਣੋਂ ਕੀ ਮਹਿਮਾ ਧਾਰਨ ਕਰਾਉਣੇ ਵਾਸਤੇ ਬਨਨ ਕਰੀ ਹੈ ਤੈਸੇ ਕਾਖਾਇ ਬਸਤ੍ਰੋਂ ਕੀ ਮਹਿਮਾ ਹੈ। ਦੂਸਰੇ ਭਗਵਾ ਭੇਖ ਸੰਤ ਕਾ ਆਸਾਧਾਰਣ ਧਰਮ ਪ੍ਰਤੱਖਯ ਚਿੰਨ੍ਹ ਹੈ। ਜੈਸੇ ਰਾਜਾ ਕੇ ਸਿਪਾਹੀ ਕਾ ਚਪੜਾਸ ਆਦਿਕ ਚਿੰਨ੍ਹ ਦੇਖ ਕੇ ਪ੍ਰਜਾ ਦੇ ਲੋਗ ਉਸ ਦਾ ਦਬਾਉ ਅਦਬ ਮਾਨ ਕਰ ਉਸ ਦੀ ਸੇਵਾ ਕਰਤੇ ਹੈਂ, ਤੈਸੇ ਸੱਚੇ ਪਾਤਸ਼ਾਹ ਪ੍ਰਮੇਸ਼੍ਵਰ ਕੇ ਸਿਪਾਹੀ ਸੰਤ ਭੀ ਚਿੰਨ੍ਹ ਸੇਂ ਹੀ ਦੁਨੀਆ ਮੇਂ ਸੋਭਾ, ਮਾਨ ਪਾਵਤੇ ਹੈਂ। ਬਿਨਾ ਚਿੰਨ੍ਹ ਦੇਖੇ ਗ੍ਰਿਹਸਥੀ ਲੋਕ ਸੰਤ ਕੋ ਭੀ ਸੰਤ ਨਹੀਂ ਸਮਝ ਸਕਤੇ। ਏਸੇ ਵਾਸਤੇ ਧਰਮ ਸ਼ਾਸਤ੍ਰ ਮੈ ਲਿਖਾ ਹੈ। ਜੇਕਰ ਸੰਤ ਕੋ ਦੇਖ ਕੇ ਗ੍ਰਿਹਸਥੀ ਪੁਰਖ ਨਮਸਕਾਰ ਨਾਂ ਕਰੇ ਤਬ ਉਸ ਕੋ ਬ੍ਰਹਮਹੱਤਯਾ ਕਾ ਪਾਪ ਲਗਤਾ ਹੈ ਔਰ ਜੇਕਰ ਸੰਤ ਬਿਨਾ ਚਿੰਨ੍ਹ ਹੋਵੇ, ਤਬ ਉਸ ਕੋ ਓਹੀ ਪਾਪ ਹੋਤਾ ਹੈ। ਤਾਂਤੇ ਬ੍ਰਿਕਤ ਸੰਤ ਕੋ ਕਾਖਾਇ ਬਸਤ੍ਰਾਦੀ ਚਿੰਨ੍ਹ ਰੱਖਣਾ ਅਵੱਸਯ ਜੋਗਯ ਹੈ। ਕਾਹੇ ਤੈ ਚਿੰਨ੍ਹ ਹੀ ਸੰਤ ਕਾ ਤਾਟਸਥ ਲੱਖਯਣ ਹੈ ਔਰ ਦੈਵੀ ਗੁਣ ਬ੍ਰਹਮਗਯਾਨ ਧਾਰਣੇ



Digitized by Panjab Digital Library | www.panjabdigilib.org

ਸੰਤ ਕਾ ਸਰੂਪ ਲੱਖਜਣ ਹੈ। ਸੋ ਐਸਾ ਬ੍ਰਹਮਗਜਾਨੀ ਸੰਤ ਭੀ ਚਿੰਨ੍ਹਧਾਰੀ ਸੰਤੋਂ ਮੈਂ ਸੇ ਹੀ ਮਿਲਤਾ ਹੈ। ਜੈਸੇ ਚੌਦਸ ਲੱਖਜਣੋਂ ਵਾਲਾ ਉੱਤਮ ਬ੍ਰਹਮਨ ਮਨੂ ਨੇ ਜਿਸ ਕੋ ਦਾਨ ਦੇਣਾ ਲਿਖਾ ਹੈ। ਸੋ ਭੀ ਬ੍ਰਹਮਣੋਂ ਮੈਂ ਸੇ ਮਿਲੇਗਾ ਔਰ ਜੈਸੇ ਪੰਛੀਆਂ ਵਿਚੋਂ ਹੰਸ ਪੰਛੀ, ਬ੍ਰਿਛੋਂ ਮੈਂ ਸੇ ਚੰਦਨ ਬ੍ਰਿੱਛ, ਸਰਪੋਂ ਵਿਚੋਂ ਮਣੀ ਵਾਲਾ ਸਰਪ, ਸਰਾਫਾਂ ਵਿੱਚੋਂ ਜੌਹਰੀ ਮਿਲਤਾ ਹੈ ਤੈਸੇ ਚਿੰਨ੍ਹ ਧਾਰੀ ਸੰਤਾਂ ਵਿਚੋਂ ਹੀ ਜੱਗਜਾਸੀਆਂ ਕੋ ਬ੍ਰਹਮਗਜਾਨ ਦੇਨੇ ਵਾਲਾ ਬ੍ਰਹਮਗਜਾਨੀ ਸੰਤ ਮਿਲਤਾ ਹੈ ਔਰ ਠੌਰ ਸੇਂ ਨਹੀਂ। ਇਸ ਲੀਏ ਸੰਤੋਂ ਕੇ ਚਿੰਨੋਂ ਕੋ ਭੀ ਪਰਮਪਰਾ ਮੁਕਤੀ ਕੀ ਕਾਰਣਤਾ ਹੈ। ਕਾਹੇ ਤੈ ਚਿੰਨ੍ਹ ਰਹਿਤ ਸ੍ਰੇਸਟ ਗੁਣੋ ਯੁਤ ਬ੍ਰਹਮਗਜਾਨੀ ਪੁਰਖ ਕੋ ਦੇਖਤਾ ਹੂਆ ਭੀ ਜੱਗਜਾਸੂ ਉਸਕੋ ਸੰਤ ਨਾ ਸਮਝ ਕੇ ਬਲਕੇ ਚਿੰਨ੍ਹ ਰਹਿਤ ਮਹਾਤਮਾ ਕੀ ਭੀ ਬੇਅਦਬੀ ਨਿੰਦਾ ਬਿਨਾ ਜਾਨੇ ਹੋ ਜਾਤੀ ਹੈ ਜਿਸ ਕਾ ਫਲ ਨਰਕ ਦੀ ਪ੍ਰਾਪਤੀ ਲਿਖੀ ਹੈ ਯਥਾ

"ਸੰਤ ਕਾ ਨਿੰਦਕ ਮਹਾ ਹਤਿਆਰਾ।
ਸੰਤ ਕਾ ਨਿੰਦਕ ਪਰਮੇਸ਼ਰ ਮਾਰਾ।
ਸੰਤ ਕਾ ਨਿੰਦਕ ਨਰਕ ਮਹਿ ਪਾਇ।
ਸੰਤ ਕਾ ਨਿੰਦਕ ਨੀਚ ਨੀਚਾਇ।"
"ਸੰਤ ਕਾ ਦੋਖੀ ਇਉਂ ਬਿਲਲਾਇ।
ਜਿਉ ਜਲ ਬਿਹੂਨ ਮਛਲੀ ਤੜਫੜਾਇ।'
"ਸਾਧੁ ਕਾ ਨਿੰਦਕ ਕੈਸੇ ਤਰੈ।
ਸਰ ਪਰ ਜਾਨੋ ਨਰਕ ਹੀ ਪਰੈ।"
"ਸੰਤ ਕੀ ਨਿੰਦਾ ਦੋਖ ਮਹਿ ਦੋਖ।
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖ।"

ਏਹ ਸੰਤ ਕੀ ਨਿੰਦਾ ਔਰ ਬੇਅਦਬੀ ਕਾ ਫਲ ਗੁਰੂ ਜੀ ਨੇ ਦੇਖਾਯਾ



Digitized by Panjab Digital Library | www.panjabdigilib.org

ਹੈ। ਜੈਸੇ ਕਲਪ ਬ੍ਰਿੱਛ ਸੁਭ ਵਾਸਨਾ ਵਾਲੇ ਕੋ ਸੁਭ ਫਲ ਅਸੁਭ ਵਾਲੇ ਕੋ ਅਸੁਭ ਫਲ ਦੇਤਾ ਹੈ ਹੋਰ ਬ੍ਰਿੱਛ ਨਹੀਂ ਦੇ ਸਕਦਾ। ਤੈਸੇ ਸੰਤ ਕੇ ਆਦਰ ਨਿਰਾਦਰ ਕਾ ਸੁਭਾ ਸੁਭ ਫਲ ਈਸ਼੍ਵਰ ਦੇਵੇ ਹੈ ਹੋਰ ਕੋਈ ਨਹੀਂ। ਜੈਸੇ ਰਾਜਾ ਆਪਣੇ ਸਿਪਾਹੀ ਦੀ ਨਿਰਾਦਰੀ ਕਰਨੇ ਵਾਲੇ ਨੂੰ ਸੀਘ੍ਰ ਦੰਡ ਦਿਵਾਵੇ ਹੈ। ਮਦਦ ਕਰਨੇ ਵਾਲੇ ਕੋ ਇੱਜ਼ਤ ਇਨਾਮ ਬਖਸ਼ਦਾ ਹੈ। ਤੈਸੇ ਪ੍ਰਮੇਸ਼੍ਵਰ ਭੀ ਅਪਣੇ ਸੰਤੋਂ ਭਗਤੋਂ ਕੀ ਰੱਖਯਾ ਕਰਤਾ ਹੈ। ਤਾਂਤੇ ਕਾਖਾਇ ਬਸਤ੍ਰ ਸਾਧੂ ਕੀ ਨਿਸ਼ਾਨੀ ਹੋਣੈ ਤੈ ਧਾਰਣੇ ਜੋਗ ਹੈ। ਕਾਹੇ ਤੈ ਜੈਸੇ ਕਿਸੀ ਸਭਾ ਮੈਂ ਨੀਲੇ, ਪੀਲੇ, ਸਬਜ਼, ਸੁਕਲ ਬਸਤ੍ਰੋਂ ਵਾਲੇ ਅਨੇਕ ਅਨੇਕ ਪੁਰਖਾਂ ਵਿਚ ਇਕ ਭਗਵੇਂ ਬਸਤ੍ਰ ਵਾਲਾ ਬੈਠਾ ਹੋਵੇ ਤੋਂ ਭੀ ਬਾਲਕ ਇਸਤ੍ਰੀ ਆਦਿਕ ਸਬ ਲੋਗ ਉਸੀ ਕੋ ਸਾਧੂ ਕਹੇਂਗੇ ਹੋਰ ਕੋ ਨਹੀਂ। ਜੈਸੇ ਕਿਸੀ ਕੋ ਕੋਈ ਪੂਛੇ, ਰੇ ਭਾਈ! ਤੂੰ ਕਹਾਂ ਜਾਤਾ ਹੈਂ? ਓਹ ਕੈਹਤਾ ਹੈ, ਮੈਂ ਸੰਤ ਕੇ ਦਰਸ਼ਨ ਕਰਨੇ ਜਾਤਾ ਹੂੰ। ਪੂਛਣੇ ਵਾਲੇ ਨੇ ਕਹਾ ਓਹ ਤਾਂ ਕੋਈ ਸੰਤ ਨਹੀਂ, ਠੱਗ ਹੈ। ਤਬ ਓਹ ਜਵਾਬ ਦੇਤਾ ਹੈ, ਭਾਈ! ਹਮ ਤੋ ਭਗਵਾਂ ਭੇਖ ਭਗਵਾਨ ਕਾ ਰੂਪ ਸਮਝ ਕੇ ਦਰਸਨ ਸੇਵਾ ਕਰਨੇ ਜਾਤੇ ਹੈਂ, ਚੰਗੇ ਮੰਦੇ ਨਾਲ ਹਮ ਕੋ ਕਜਾ ਪ੍ਰਯੋਜਨ ਹੈ। ਇਸ ਤੈ ਏਹੀ ਸਿੱਧ ਹੂਆ ਜੋ ਬਾਹਰ ਕਾ ਸੰਤ ਵੇਸ ਨਾਰਾਯਣ ਕਾ ਸਰੂਪ ਹੈ। ਬ੍ਰਹਮਾਂਡ ਪੁਰਾਣ ਮੈਂ ਲਿਖਾ ਹੈ, ਬਾਵਨ ਭਗਵਾਨ ਨੇ ਭਗਵਾਂ ਭੇਖ ਬਲੀ ਰਾਜਾ ਕੇ ਜੱਗਜ ਮੈਂ ਧਾਰਨ ਕੀਆ ਥਾ। ਸੋ ਭਗਵਾਨ ਕਾ ਭੇਖ ਹੋਣੇ ਤੈ ਭਗਵਾ ਕਹਿਤੇ ਹੈਂ। ਕੋਈ ਅਗਜਾਨੀ ਕਹਿਤੇ ਹੈਂ, ਪਾਰਬਤੀ ਕੀ ਭਗ ਕੇ ਰੁਧਰ ਸੇ ਗੇਰੂ ਕਾ ਪਹਾੜ ਬਨਾ ਹੈ ਇਸੀ ਲੀਏ ਭਗਵਾਂ ਬੋਲਜਾ ਜਾਂਦਾ ਹੈ। ਐਸੇ ਕਹਿਣੇ ਵਾਲੇ ਬਿਨਾ ਬੁੱਧੀ ਚਤਰ ਏਹ ਨਹੀਂ ਸਮਝਤੇ ਜੋ ਸਬ ਕੇ ਸਰੀਰ ਭਗ ਕੇ ਲੋਹੂ ਮੈਂ ਬਨ ਕੇ ਭਗ ਮੈ ਸੇ ਨਿਕਲੇ ਹੈਂ ਤਾਂਤੇ ਸਬ ਕੋ ਭਗਵੇਂ ਕਹਿਨਾ ਚਾਹੀਏ? ਇਸ ਲੀਏ ਭਗਵਾਨ ਕਾ ਭੇਖ ਹੋਣੇ ਤੈ ਹੀ ਭਗਵਾਂ ਬੋਲੀਦਾ



Digitized by Panjab Digital Library | www.panjabdigilib.org

ਹੈ। ਦੂਸਰੇ ਹੰਸ ਕੇ ਪੰਖ ਭਗਵੇਂ ਰੰਗ ਜੈਸੇ ਹੋਤੇ ਹੈਂ। ਜਬ ਭਗਵਾਨ ਨੇ ਹੰਸ ਅਵਤਾਰ ਧਾਰ ਕੇ ਬ੍ਰਹਮਾ ਕੋ ਬ੍ਰਹਮ ਬਿਦਜਾ ਕਾ ਉਪਦੇਸ਼ ਕੀਆ ਥਾ। ਤਬ ਸੈਂ ਓਹੀ ਉਪਦੇਸ਼ ਔਰ ਓਹੀ ਭਗਵਾਂ ਭੇਸ ਸਨਕਾਦਿਕੋਂ ਦੁਆਰਾ ਆਗੇ ਪ੍ਰਵਿਰਤਿ ਹੂਆ ਹੈ। ਸਬ ਰਿਖੀ ਮੁਨੀ ਧਾਰਤੇ ਰਹੇ ਹੈਂ। ਔਰ ਗੁਰੂ ਨਾਨਕ ਜੀ ਭੀ ਏਹੀ ਭੇਖ ਮੰਜੀਠੀ ਰੰਗ ਧਾਰ ਕੇ ਦੇਸ ਪਰਦੇਸ਼ ਵਿਚਰੇ ਹੈਂ। ਬਲਕੇ ਜਨਮ ਸਾਖੀ ਮੈਂ ਲਿਖਾ ਹੈ, ਕਿਸੀ ਗਧੇ ਪਰ ਭਗਵਾਂ ਕਪੜਾ ਦੇਖ ਕੇ ਗੁਰੂ ਨਾਨਕ ਜੀ ਨੇ ਨਮਸਕਾਰ ਕੀਤੀ ਸੀ ਤਾਂ ਮਰਦਾਨੇ ਦੇ ਪੁਛਣੇ ਪਰ ਗੁਰੂ ਜੀ ਨੇ ਫੁਰਮਾਯਾ, ਭਾਈ ਮਰਦਾਨਾ! ਅਸੀਂ ਗਧੇ ਨੂੰ ਨਮਸਕਾਰ ਨਹੀਂ ਕੀਤੀ। ਭਗਵੇਂ ਬਸਤ੍ਰ ਨੂੰ ਸੰਤ ਕਾ ਬਾਣਾ ਸਮਝ ਕੇ ਬੰਦਨਾ ਕੀਤੀ ਹੈ। ਪੁਨਾ ਏਸੇ ਸੰਤ ਵੇਸ ਕੀ ਮਹਿਮਾ ਗੁਰੂ ਗ੍ਰੰਥ ਸਾਹਿਬ ਮੈਂ ਬਹੁਤ ਲਿਖੀ ਹੈ। ਪ੍ਰਸ਼ਨ॥ ਗੁਰੂ ਗ੍ਰੰਥ ਸਾਹਿਬ ਮੈਂ ਤੋ ਨਖੇਧ ਭੀ ਕੀਤਾ ਹੈ। ਯਥਾ "ਘੋਲੀ ਗੇਰੂ ਰੰਗ ਚੜ੍ਹਾਇਆ ਬਸਤ੍ਰ ਭੇਖ ਭੇਖਾਰੀ।" "ਪ੍ਰੂਅਰਤਾਪ ਗੇਰੀ ਕੇ ਬਸਤ੍ਰਾ। ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ।" ਉੱਤ੍ਰ॥ ਗ੍ਰੰਥ ਸਾਹਿਬ ਮੈਂ ਤੋ ਬਿਨਾ ਭਜਨ ਭਗਤੀ ਸਬ ਪਹਿਰਾਵੇ ਨਿਖੇਧੇ ਹੈਂ। ਯਥਾ "ਚਿੱਟੇ ਜਿਨ ਕੇ ਕਪੜੇ ਮੈਲੇ ਚਿੱਤ ਕਠੋਰ ਜੀਉ। ਕਰਤਾ ਚਿੱਤ ਨ ਆਵਈ ਸੇ ਪਸੂਆ ਸੇ ਢੋਰ ਜੀਉ।" "ਉਜਲ ਕੈ ਹਾਂ ਚਿਲਕਣਾ ਘੋਟ ਮਕਾਲੜੀ ਮਸ।" "ਬਗਾਂ ਬਗੇ ਕਪੜੇ ਤੀਰਥ ਮੰਝ ਵਸੰਨ। ਘੁਟ ਘੁਟ ਜੀਆਂ ਖਾਵਣੇ ਬਗੇ ਨਾ ਕਹੀਅਨਿ।" "ਊਜਲ ਪਹਿ ਰਹਿ ਕਾਪਰੇ ਪਾਨ ਸੁਪਾਰੀ ਖਾਹਿ। ਏਕਸੁ ਹਰਿਕੇ ਨਾਮ ਬਿਨ ਬਾਧੇ ਜਮ ਪੁਰ ਜਾਹਿ।" "ਸੂਹਾ ਰੰਗ ਸੁਪਨੈ ਨਿਸੀ" "ਰੰਙ ਕਸੁੰਭਾ ਦੇਖਨ ਭੁਲ" "ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ" "ਕਿਆ ਨਾਂਗੇ ਕਿਆ ਬਾਂਧੇ ਚਾਮ। ਜਬ ਨਹੀਂ ਚੀਨਸਿ ਆਤਮ ਰਾਮ।" "ਖਿੰਥਾ ਮੁੰਦ੍ਰਾ ਡੰਡਾ ਧਾਰੀ। ਭ੍ਰਮ ਕੇ ਭਾਇ ਭਵੈ ਭੇਖ



Digitized by Panjab Digital Library | www.panjabdigilib.org

ਧਾਰੀ।" "ਅਲ ਮਲ ਖਾਈ ਸਿਰਿ ਛਾਈ ਪਾਈ। ਮੂਰਖ ਅੰਧੇ ਪਤਿ ਗਵਾਈ।" "ਮੂੰਡ ਮੂੰਡਾਏ ਜਉ ਸਿਧਿ ਪਾਈ। ਮੁਕਤੀ ਭੇਡ ਨ ਗਈਆ ਕਾਈ।" "ਭਾਵੇ ਲਾਂਬੇ ਕੇਸ ਕਰ ਭਾਂਵੇ ਘਰਰ ਮੁੰਡਾਇ" "ਕੇਸ ਧਰੇ ਨ ਮਿਲੇ ਹਰਿ ਪਿਆਰੇ।" "ਗਜ ਗਦਹਾ ਬਿਭੂਤ ਧਾਰੀ।" ਇਤਜਾਦਿਕ ਬਹੁਤ ਬਚਨ ਗੁਰੂ ਸਾਹਿਬੋਂ ਕੇ ਹੈਂ ਜਿਨ ਕਾ ਪਖੰਡ ਕੀ ਨਿਖੇਧੀ ਮੈਂ ਤਾਤਪਰਯ ਹੈ, ਬਾਣੇ ਕੀ ਨਿਖੇਧੀ ਮੈਂ ਨਹੀਂ। ਜੇ ਐਸਾ ਨਾ ਮਾਨੇ ਤਬ ਕੋਈ ਵੇਸ ਭੀ ਧਾਰਣਾ ਨਹੀਂ ਬਣੇਗਾ। ਪ੍ਰਸ਼ਨ॥ ਜੇ ਕਰ ਪ੍ਰਮੇਸ਼ਰ ਕੇ ਨਾਮ ਔਰ ਭਗਤੀ ਆਦਿਕ ਉੱਤਮ ਗੁਣ ਧਾਰਣੇ ਕੀ ਮੁੱਖਜਤਾ ਹੈ ਤਬ ਓਹੋ ਧਾਰਣੇ ਚਾਹੀਏ ਸੰਤ ਕੋ ਭਗਵਾਂ ਵੇਸ ਕਾਹੇ ਬਣਾਵਣਾ ਹੈ? ਉਤ੍ਰ॥ ਜੱਦਜਪਿ ਨਿਰਤਕਾਰੀ ਮੈਂ ਤਾਲ ਸੁਰ ਸਹਿਤ ਗਾਇਨ ਨ੍ਰਿੱਤ ਕੀ ਮੁਖਜਤਾ ਹੈ। ਪਰੰਤੂ ਪਹਿਲੇ ਪਿਸ਼ਵਾਜ਼ ਘੁੰਘਰੂ ਆਦਿਕ ਲਿਬਾਸ ਜਰੂਰ ਚਾਹੀਏ। ਜੈਸੇ ਗ੍ਰਿਹਸਥ ਵਾਸਤੇ ਇਸਤ੍ਰੀ ਕੀ ਮੁੱਖਜਤਾ ਹੈ ਤੌ ਭੀ ਬਸਤ੍ਰ ਭੂਖਣਾਦੀ ਸਮਾਨ ਚਾਹੀਦੇ ਹਨ। ਯਦੀ ਸਿਪਾਹੀ ਮੈਂ ਬਹਾਦਰੀ ਕੀ ਮੁਖਜਤਾ ਹੈ। ਪਰੰਤੁ ਬਰਦੀ ਹਥਜਾਰੋਂ ਬਿਨਾ ਸ਼ੋਭਤਾ ਨਹੀਂ। ਤੈਸੇ ਸੰਤ ਮੈਂ ਮੁਖਜਤਾ ਤੋ ਦੈਵੀ ਗੁਣੋਂ ਕੀ ਹੈ ਪਰ ਚਿੰਨ੍ਹ ਭੀ ਪਹਿਚਾਨ ਕੇ ਲੀਏ ਜ਼ਰੂਰ ਚਾਹੀਏ। ਕਜੋਂਕਿ ਪਹਿਚਾਨ ਬਿਨਾ ਸਤਸੰਗਤ ਸੇਵਾ ਕੋਈ ਨਹੀਂ ਕਰਤਾ। ਸੇਵਾ ਸਤਸੰਗ ਬਿਨਾ ਸੰਸਾਰੀਓਂ ਕਾ ਭਲਾ ਜਗਜਾਸੂ ਕੀ ਕੱਲਜਾਨ ਨਹੀਂ ਹੋਵੇ ਹੈ। ਤਾਂਤੇ ਚਿੰਨ੍ਹ ਧਾਰਣਾ ਸੰਤ ਕੋ ਜ਼ਰੂਰ ਚਾਹੀਏ। ਪੂਰਬੋਕਤ ਅਨੇਕ ਸਾਖੀਆਂ ਪ੍ਰਮਾਣ ਸਾਹਿਬ ਰਾਮ ਕੌਰ ਜੀ ਤੇ ਸੁਣ ਕੇ ਭਾਈ ਰੀਡਾ ਸਿੰਘ, ਸੇਵਾ ਸਿੰਘ, ਪ੍ਰਸਾਦ ਸਿੰਘ, ਦੀਪ ਸਿੰਘ, ਨਾਹਰ ਸਿੰਘ, ਮਿਲਾਪ ਸਿੰਘ, ਪੰਜਾਬ ਸਿੰਘ, ਸੰਪੂਰਨ ਸਿੰਘ, ਦਰਵਾਰਾ ਸਿੰਘ ਆਦਿਕ ਬਹੁਤ ਸਿੰਘੋਂ ਨੇ ਉਸ ਕਰਮ ਸਿੰਘ ਪੰਡਿਤ ਕੇ ਹਾਥ ਸੈ ਬਸਤ੍ਰ ਰੰਗਵਾ ਕੇ ਧਾਰਨ ਕਰ ਲੀਏ ਜਿਸਕੋ ਦਸਮੇਂ ਪਾਤਸ਼ਾਹ ਜੀ ਨੇ ਆਪ ਕਾਖਾਇ ਬਸਤ੍ਰ



Digitized by Panjab Digital Library | www.panjabdigilib.org

ਪਹਿਨਾਇ ਕੇ ਕਾਂਸ਼ੀ ਜੀ ਭੇਜਜਾ ਥਾ। ਸਲੋਕ ॥

"ਟੂਟੇ ਬੰਧਨ ਜਾਸ ਕੇ ਹੋਇਆ ਸਾਧੂ ਸੰਗ।
ਜੋ ਰਾਤੇ ਰੰਗ ਏਕ ਕੈ ਨਾਨਕ ਗੂੜ੍ਹਾ ਰੰਗ।"

"ਕਾਇਆ ਰੰਙਣ ਜੇ ਥੀਐ ਪਿਆਰੇ ਪਾਈਐ ਨਾਮ ਮਜੀਠ।"
ਰੰਙਣ ਵਾਲਾ ਜੇ ਰੰਗੈ ਸਾਹਿਬ ਐਸਾ ਰੰਗ ਨ ਡੀਠ।
ਜਿਨਕੇ ਚੋਲੇ ਰਤੜੇ ਪਿਆਰੇ ਕੰਤ ਤਿਨਾ ਕੇ ਪਾਸ।
ਧੂੜਿ ਤਿਨਾ ਕੀ ਜੇ ਮਿਲੈ ਜੀ ਕਉ ਨਾਨਕ ਕੀ ਅਰਦਾਸ।"
"ਲਾਲ ਗੁਲਾਲ ਗਹਬਰਾ ਸਚਾ ਰੰਗ ਚੜਾਉ।"

ਏਹੋ ਮੰਤ੍ਰ ਗੁਰੂ ਜੀ ਕੇ ਵਕਤ ਸੇਂ ਕਪੜੇ ਰੰਗਣੇ ਕਾ ਨਿਰਮਲੇ ਸੰਤੋਂ ਮੇਂ ਚਲਾ ਆਤਾ ਹੈ ਔਰ ਆਗੇ ਕੋ ਭੀ ਏਹੀ ਸਭ ਕੋ ਪੜ੍ਹਨਾ ਯੋਗਜ ਹੈ। ਇਸ ਪ੍ਰਕਾਰ ਸਾਹਿਬ ਗੁਰਬਖਸ਼ ਸਿੰਘ ਜੀ ਕੀ ਆਗਜਾ ਅਨੁਸਾਰ ਗੁਰੂ ਬੇਦ ਮ੍ਰਯਾਦਾ ਮੇਂ ਕਾਖਾਇ ਬਸਤ੍ਰ ਧਾਰ ਕੇ ਹੰਸ ਰੂਪ ਗੁਰੂ ਕੇ ਲਾਲ ਆਤਮਾ ਅਨਾਤਮਾ ਕਾ ਨਿਰਨੇ ਕਰ ਕੇ ਅਨੰਤ ਜੀਵੋਂ ਕਾ ਉਧਾਰ ਕਰਤੇ ਹੂਏ ਨਿਰਮਲੇ ਸੰਤ ਵਿਚਰਤੇ ਭਏ। ਯੱਦਯਪਿ ਨਿਰਮਲ ਪੰਥ ਗੁਰੂ ਨਾਨਕ ਸਾਹਿਬ ਕੇ ਵਕਤ ਸੇ ਹੈ ਔਰ ਓਸੇ ਨੂੰ ਦਸਮੇਂ ਪਾਤਸ਼ਾਹ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਸਤੋ ਗੁਣੀ ਨਵਿਰਤੀ ਮਾਰਗ ਵਾਲੇ ਸਿੰਘਾਂ ਨੂੰ ਮਾਲਾ ਔਰ ਗਜਾਨ ਤੇਗ ਪਕੜਾ ਕਰ ਬ੍ਰਹਮਰਿਖੀ ਨਿਰਮਲ ਸੰਤ ਖਾਲਸਾ ਪਦਵੀ ਬਖਸੀ ਹੈ, ਔਰ ਰਜੋ ਗੁਣੀ ਪ੍ਰਵਿਰਤੀ ਮਾਰਗ ਵਾਲੇ ਸਿੰਘਾਂ ਨੂੰ ਮਜਾਨ ਤੇਗ ਦੇ ਕੇ ਰਾਜ ਰਿਖੀ ਛੱਤ੍ਰੀ ਨਿਰਮਲ ਖਾਲਸਾ ਖਿਤਾਬ ਦ੍ਰੀਆ। ਔਰ ਤਮੋਂ ਗੁਣੀ ਬਹੀਰੀਏ ਬਿਹੰਗਮਾ ਨੂੰ ਨਿਰਮਲੇ ਨਿਹੰਗ ਖਾਲਸਾ ਪਦ ਦੇਤੇ ਭਏ। ਤਬ ਸੇਂ ਨਿਰਮਲੇ ਸਿੰਘ ਕਾਖਾਇ ਬਸਤ੍ਰ ਧਾਰ ਕੇ ਕਾਂਸ਼ੀ ਕੁਰੁਖਸੇਤ੍ਰ, ਹਰਿਦ੍ਵਾਰ, ਰਿਖੀ ਕੇਸ਼, ਉਤ੍ਰ ਕਾਸ਼ੀ, ਮਾਲਵੇ, ਮਾਝੇ, ਦੁਆਬੇ ਪੋਠੋਹਾਰ ਆਦਿਕ ਦੇਸੋਂ ਮੇਂ ਬਿਚਰਤੇ ਰਹੇ। ਇਨ ਮੇਂ ਤਜਾਗ ਵੈਰਾਗਜ



Digitized by Panjab Digital Library | www.panjabdigilib.org

ਮੁਖਜ ਰਹਾ। ਬਲਕਿ ਜਬ ਸਿੱਖਾਂ ਦਾ ਰਾਜ ਹੋਯਾ ਸੀ ਤਦ ਬਹੁਤ ਜਾਗੀਰਾਂ ਇਨ ਕੋ ਦੇ ਰਹੇ। ਉਸ ਵਕਤ ਇਨ੍ਹਾ ਨੇਂ ਜ਼ਰ, ਜੋਰੂ, ਜ਼ਮੀਨ ਕੋ ਹਾਥ ਨਹੀਂ ਪਾਯਾ। ਦੇਖੋ ਸਰਦਾਰ ਅਮਰ ਸਿੰਘ ਬੱਘੇ ਨੇ ਪਰਗਨੇ ਸੁਜਾਨਪੁਰ ਦਾ ਪਟਾ ਸੰਮਤ ੧੮੨੧ ਮੈਂ ਲੱਖਾ ਸਿੰਘ ਨਿਰਮਲੇ ਦੇ ਨਾਮ ਲਿਖ ਦੀਆ ਥਾ। ਪਰੰਤੂ ਲੱਖਾ ਸਿੰਘ ਜੀ ਨੇ ਏਕ ਪਿੰਡ ਭੀ ਨਹੀਂ ਲੀਆ। ਪਟਾ ਅਬ ਤਕ ਉਨ ਕੇ ਡੇਰੇ ਮੈ ਮੌਜੂਦ ਹੈ। ਇਸੇ ਤਰਾਂ ਸਰਦਾਰ ਸੱਦਾ ਸਿੰਘ ਬਹਿੜਵਾਲੀਏ ਨੱਕਈ ਨੇ ਸੰਮਤ ੧੮੨੩ ਮੈਂ ਕਥਾ ਮਹਾਂ ਭਾਰਤ ਦੀ ਭਗਤ ਸਿੰਘ ਨਿਰਮਲੇ ਪੰਡਿਤ ਸੇ ਸੁਣ ਕਰ ਸਾਤ ਪਿੰਡ ਲਿਖ ਦੀਏ ਥੇ। ਉਸ ਨੇ ਕੋਈ ਭੀ ਨਹੀਂ ਲੀਆ। ਬੁੰਗਾ ਉਨਕਾ ਸ੍ਰੀ ਅੰਮ੍ਰਿਤਸਰ ਜੀ ਮੇਂ ਮੰਨਾ ਸਿੰਘ ਵਾਲਾ ਮਸ਼ਹੂਰ ਹੈ। ਮੰਨਾ ਸਿੰਘ ਪਾਸ ਓਹੁ ਪਟਾ ਥਾ। ਅਬ ਖਬਰ ਨਹੀਂ ਉਸਕੇ ਮਰਨੇ ਬਾਦ ਕਹਾਂ ਗਯਾ। ਤੀਸਰੇ ਸਰਦਾਰ ਗੁੱਜਰ ਸਿੰਘ ਗੁਜਰਾਤ ਵਾਲੇ ਨੇ ਭਾਈ ਸੂਬਾ ਸਿੰਘ ਨਿਰਮਲੇ ਸੰਤ ਕੇ ਨਾਮ ਮੀਰਪੁਰ ਕਾ ਪਰਗਨਾ ਧਰਮ ਅਰਥ ਲਿਖ ਦੀਆ ਥਾ। ਉਸ ਨੇ ਮਨਜੂਰ ਨਾਂ ਕੀਆ। ਚੌਥੇ ਪੰਡਿਤ ਨਿਹਾਲ ਸਿੰਘ ਜੀ ਕੋ ਜਿਨ੍ਹੋਂ ਨੇ ਜਪ ਸਾਹਿਬ ਕਾ ਟੀਕਾ ਸੰਸਕ੍ਰਿਤ ਮੈਂ ਬਨਾਯਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੫੩ ਮੈਂ ਸੰਤੋਖ ਦਾਸ ਦੇ ਅਖਾੜੇ ਦੇ ਬਰਾਬਰ ਜਾਗੀਰ ਮਾਫੀ ਦਾਂ ਪਟਾ ਲਿਖਾ ਕੇ ਆਗੇ ਰਖ ਦੀਆ ਥਾ। ਉਨ੍ਹੋਂ ਨੇ ਉਸੀ ਕੇ ਸਾਮ੍ਹਣੇ ਫਾੜ ਕਰ ਕਹਿ ਦੀਆ, ਰਾਜਨ! ਆਪ ਹਮਾਰੇ ਪਾਸ ਫੇਰ ਨਹੀਂ ਆਂਵਣਾ, ਏਹੀ ਟਹਿਲ ਹਮਾਰੀ ਕਰੋ। ਪੰਜਵੇਂ ਸਰਦਾਰ ਜੈ ਸਿੰਘ ਘਨੱਈਏ ਨੇ ਗੰਗਾ ਜੀ ਪਰ ਭਾਈ ਦਰਗਾਹ ਸਿੰਘ ਨਿਰਮਲੇ ਸੰਤ ਕੇ ਨਾਮ ਸੰ: ੧੮੪੬ ਮੈਂ ਚਾਰ ਪਿੰਡ ਲਿਖ ਦੀਏ ਥੇ। ਸੰਤਾਂ ਨੇ ਨਹੀਂ ਲੀਏ। ਫੇਰ ਜੈ ਸਿੰਘ ਕੇ ਬੇਟੇ ਕੀ ਰਾਣੀ ਸਦਾ ਕੌਰ ਨੇ ਦਿਵਾਲੀ ਆਦਿਕ ਦੋ ਪਿੰਡ ਕੀ ਸਨਦ ਲਿਖਵਾ ਕੇ ਉਸੀ ਡੇਰੇ ਦੇ ਮਹੰਤ

1821
57
1764



Digitized by Panjab Digital Library | www.panjabdigilib.org

ਬੰਕਾ ਸਿੰਘ ਆਗੇ ਰਖ ਕੇ ਚਰਨ ਪਕੜ ਲੀਤੇ। ਤਬ ਉਨ੍ਹੋਂ ਨੇ ਮਨਜ਼ੂਰ ਕਰੀ ਥੀ। ਜੋ ਅਬ ਮਹੰਤ ਭੋਲ੍ਹਾ ਸਿੰਘ ਦੇ ਗੁਜ਼ਰਨੇ ਬਾਦ ਹੀਨਹੱਯਾਤ ਮੇਂ ਜ਼ਬਤ ਹੋ ਗਈ। ਇਸੀ ਤਰਾਂ ਭਾਈ ਨਿੱਕਾ ਸਿੰਘ ਨਿਰਮਲੇ ਸੰਤ ਕੋ ਸੰਮਤ ੧੮੦੯ ਮੇਂ ਮਹਾਰਾਜੇ ਆਲਾ ਸਿੰਘ ਕੀ ਬੇਟੀ ਬੀਬੀ ਪਰਧਾਨ ਨੇ ਅਪਨੇ ਕੁੱਲ ਇਲਾਕੇ ਤੀਸ ਗਾਂਉ ਕਾ ਪਟਾ ਲਿਖ ਦੀਆ ਥਾ। ਉਨ੍ਹੋਂ ਨੇ ਹੋਰ ਸਬ ਛੋਡ ਕੇ ਏਕ ਗ੍ਰਾਮ ਖੁੱਡੀ ਨਾਮ ਬੀੜ ਸਮੇਤ ਮਨਜ਼ੂਰ ਕੀਆ। ਜੋ ਅਬ ਤਕ ਉਨਕੇ ਡੇਰੇ ਲੰਗਰ ਦੇ ਨਾਮ ਕਾਯਮ ਹੈ। ਫੇਰ ਸਰਦਾਰ ਧਜਾਨ ਸਿੰਘ ਸ਼ਾਹਾ ਬਾਦੀਏ ਨੇ ਅਪਨੇ ਤਮਾਮ ਇਲਾਕੇ ਕਾ ਵਾਰਿਸ ਭਾਈ ਕਰਮ ਸਿੰਘ ਨਿਰਮਲੇ ਸੰਤ ਕੋ ਬਨਾ ਦੀਆ ਥਾ। ਜਿਸ ਕੀ ਔਲਾਦ ਅਬ ਤਕ ਹੈ ਔਰ ਭਾਈ ਜੈ ਸਿੰਘ ਨਿਰਮਲੇ ਸਾਧੂ ਕੋ ਸਰਦਾਰ ਗੰਡਾ ਸਿੰਘ ਭੰਗੀ ਨੇ ਤੇਰਾਂ ਪਿੰਡਾਂ ਕਾ ਪਟਾ ਮਾਫੀ ਲਿਖ ਕੇ ਮੱਥਾ ਟੇਕਯਾ ਥਾ। ਉਨ੍ਹੋਂ ਨੇ ਆਪ ਨਾ ਲੀਆ। ਸੰਤੋਖ ਦਾਸ ਦੇ ਅਖਾੜੇ ਮੇਂ ਅਰਦਾਸ ਕਰਵਾ ਦੀਆ। ਏਸੇ ਵਾਸਤੇ ਓਹੁ ਆਪਣੀ ਗੁਰੁ ਪ੍ਰਨਾਲੀ ਮੇਂ ਭਾਈ ਜੈ ਸਿੰਘ ਕਾ ਨਾਮ ਲੇਤੇ ਹੈਂ। ਹੋਰ ਠਾਕੁਰ ਦਯਾਲ ਸਿੰਘ ਜੀ ਕੋ ਮਹਾਰਾਜਾ ਸ਼ੇਰ ਸਿੰਘ ਤੇ ਰਾਣੀ ਜਿੰਦ ਕੌਰ ਬਹੁਤ ਜਾਗੀਰ ਦੇ ਰਹੇ, ਉਨ੍ਹੋਂ ਨੇ ਨਾ ਲਈ। ਪੁਨਾ ਮਹਾਰਾਣੀ ਜਿੰਦ ਕੌਰ ਉਨ ਕੇ ਡੇਰੇ ਆਪ ਗਈ। ਜਾਗੀਰ ਦੇਣ ਨੂੰ ਜਤਨ ਕੀਤਾ ਪਰ ਉਨ੍ਹਾ ਨੇ ਨਾ ਲਈ। ਐਸੇ ਹੀ ਹੋਰ ਅਨੇਕ ਸਿੱਖ ਸਰਦਾਰ ਉਸ ਵਕਤ ਜਾਗੀਰਾਂ ਦੇ ਰਹੇ, ਨਿਰਮਲੇ ਸਿੰਘੋਂ ਨੇ ਨਹੀਂ ਲਈਆਂ ਤਯਾਗ ਹੀ ਰੱਖਯਾ। ਅਬ ਜਥਾ ਰਾਜਾ ਤਥਾ ਪ੍ਰਜਾ ਉਨਹੀ ਨਿਰਮਲੇ ਸੰਤੋਂ ਕੀ ਸੰਪ੍ਰਦਾਇ ਕੇ ਸਾਧੂ ਏਕ ਏਕ ਬਿੱਘਾ ਜਮੀਨ ਵਾਸਤੇ ਅਦਾਲਤੋਂ ਮੇਂ ਝਗੜੇ ਕਰਤੇ ਹੈਂ। ਏਕ ਨਿਰਮੱਲਿਓਂ ਕੀ ਕਯਾ ਬਾਤ ਹੈ। ਸਬਨਾਂ ਭੇਖਾਂ ਪੰਥਾਂ ਦਾ ਏਹੀ ਹਾਲ ਹੈ। ਆਚਾਰ ਬਿਹਾਰ ਸਭਨਾ ਕਾ ਬਦਲ ਗਯਾ ਹੈ। ਜੈਸੇ ਇਨ੍ਹਾਂ ਸਨਦਾ ਤੋਂ ਨਿਰਮਲੇ



Digitized by Panjab Digital Library | www.panjabdigilib.org

ਸੰਤੋਂ ਕਾ ਤਜਾਗ ਵੈਰਾਗਜ ਪਰਾਚੀਨ ਹੋਣਾ ਸਹੀ ਹੈ। ਤੈਸੇ ਉਨਕੇ ਮਕਾਨ ਔਰ ਪੁਸਤਕੋਂ ਸੇਂ ਭੀ ਨਿਰਮਲੇ ਪੰਥ ਕਾ ਪਰਾਚੀਨ ਹੋਣਾ ਦਿਖਾਂਉਦੇ ਹੈਂ। ੧ ਖਡੂਰ ਸਾਹਿਬ ਵਾਲੇ ਡੇਰੇ ਮੈਂ ਪਹਿਲੇ ਭਾਈ ਪੰਜਾਬ ਨਿਰਮਲਾ ਸਿੱਖ ਥਾ। ਜਿਸ ਕੋ ਦਸਮੇਂ ਪਾਤਸ਼ਾਹ ਜੀ ਨੇ ਅਪਨੈ ਰੋਬਰੂ ਪੰਜਾਂ ਪਜਾਰਜਾਂ ਸੇਂ ਅੱਮ੍ਰਿਤ ਛਕਵਾ ਕੇ ਪੰਜਾਬ ਸਿੰਘ ਕੀਆ ਥਾ। ਉਸ ਕੇ ਪੋਤੇ ਚੇਲੇ ਰੋਚਾ ਸਿੰਘ ਜੀ ਨੇ ਕਸ਼ਮੀਰ, ਪੋਠੋਹਾਰ ਵਗੈਰੇਂ ਦੇਸੋ ਮੈਂ ਹਜ਼ਾਰਾਂ ਲੋਗ ਮੋਨਜਾਂ ਤੇ ਸਿੰਘ ਬਣਾਏ ਉਨ ਦੇਸ਼ੋ ਮੈ ਏਹ ਕਥਾ ਬਹੁਤ ਮਸ਼ਹੂਰ ਹੈ।

੨ ਭਾਈ ਦਰਗਾਹਾ ਸਿੰਘ ਜੀ ਨੇ ਸੰਮਤ ੧੭੬੭ ਮੇਂ ਅਬਚਲ ਨਗਰ ਸੇਂ ਆ ਕਰ ਪੰਜਾਂ ਸੱਤਾਂ ਸਿੰਘਾਂ ਸਮੇਤ ਗੰਗਾਂ ਕਿਨਾਰੇ ਕਨਖਲ ਗੁਰਦੁਆਰੇ ਪਾਸ ਝੋਂਪੜੀ ਰਚ ਕੇ ਨਿਵਾਸ ਕੀਆ। ਓਹੁ ਤੀਰੰਦਾਜ਼ ਗਿਣਤੀ ਦੇ ਥੇ। ਓਥੋਂ ਦੇ ਮਾਲਕ ਰਾਇ ਅਹਿਮਦ ਨੂੰ ਨਜੀਬਾ ਵਾਦੀਏ ਰਹੇਲਜੋਂ ਕੇ ਜੰਗ ਮੈਂ ਮਦਦ ਦੇ ਕੇ ਓਨਾ ਨੇ ਬਚਾਯਾ ਸੀ। ਰਾਇ ਅਹਿਮਦ ਨੇ ਖੁਸ਼ੀ ਹੋ ਕੇ ਆਖਜਾ, ਜਿਥੇ ਤਾਂਈ ਤੁਸੀ ਬਾੜਾ ਘੇਰ ਲੇਓਗੇ। ਓਤਨੀ ਜ਼ਮੀਨ ਦੀ ਸਨਦ ਮੈਂ ਤੁਹਾਨੂੰ ਦੇਵਾਂਗਾ। ਓਨਾਂ ਨੇ ਦੂਰ ਤਾਂਈ ਬਾੜਾ ਕਰ ਲੀਤਾ। ਰਾਇ ਨੇ ਸੰਮਤ ੧੭੮੩ ਮੈਂ ਸਨਦ ਲਿਖ ਦਿਤੀ ਜੇੜੀ ਅਬ ਤਕ ਮਹੰਤ ਗੁਲਾਬ ਸਿੰਘ ਪਾਸ ਹੈ। ਓਸੇ ਬਾੜੇ ਵਿੱਚ ਮਹਾਰਾਜਾ ਪਟਜਾਲੇ ਵਾਲੇ ਨੇ ਅਤੇ ਰਾਣੀ ਸਦਾ ਕੌਰ ਨੇ ਜਮਾਦਾਰ ਖੁਸ਼ਹਾਲ ਸਿੰਘ ਨੇ ਮਾਈ ਮੰਗਲਾ ਨੇ ਸੰਤਾਂ ਤੇ ਜਮੀਨ ਮੰਗ ਮੰਗ ਕੇ ਯੱਦਜਪਿ ਹਵੇਲੀਆਂ ਘਰ ਬਨਾ ਲਏ ਹੈਂ। ਪਰੰਤੂ ਬਾੜਾ ਦਰਗਾਹਾ ਸਿੰਘ ਜੀ ਕਾ ਹੀ ਕ਼ਦੀਂਵਤਾ ਹੈ ਅਤੇ ਜਾਗੀਰ ਭੀ ਉਨ੍ਹਾ ਨੇ ਦੇ ਰੱਖੀ ਥੀ ਜੋ ਉਨ ਕੇ ਰਾਜ ਕੇ ਸਾਥ ਹੀ ਜਾਤੀ ਰਹੀ। ਮਹਾਰਾਜ ਪਟਜਾਲੇ ਕਾ ਪਿੰਡ ਮਾਫੀ ਅਬ ਤਕ ਹੈ। ਏਸੇ ਤਰਾਂ ਬਰਨਾਲੇ ਆਦਮਵਾਲ, ਹਰੀਕੀ ਆਦਿਕ ਨਗਰੋਂ



Digitized by Panjab Digital Library | www.panjabdigilib.org

ਮੈਂ ਬਹੁਤ ਡੇਰੇ ਪੁਰਾਨੇ ਜਾਗੀਰਦਾਰ ਕੁਛ ਅਭਜਾਗਤ ਨਿਰਮਲਜੋਂ ਕੇ ਸੌ ਸੌ ਸਵਾ ੨ ਸੌ ਬਰਸ ਦੇ ਅਨੇਕ ਬਾਤਾਂ ਸੈਂ ਸਾਬਤ ਹੁੰਦੇ ਹੈਨ ਤੈਸੇ ਪੋਥੀਆਂ ਦੇਖੋ ਤਾਂ ਸੰਮਤ ੧੮੧੦ ਮੈਂ ਕਰਮ ਵਿਪਾਕ ਸੰਮਤ ੧੮੧੭ ਮੈਂ ਚੰਦ੍ਰਪ੍ਰਬੋਧ ਨਾਟਕ ਸੰਮਤ ੧੮੩੫ ਮੈਂ ਮੋਖ ਪੰਥ ਪ੍ਰਕਾਸ਼, ਸੁਪਨ ਅਧਜਾਈ, ਅਧਜਾਤਮ ਰਾਮਾਯਣ ਇਤਜਾਦਿਕ ਗ੍ਰੰਥ ਪੰਡਿਤ ਗੁਲਾਬ ਸਿੰਘ ਜੀ ਕੇ ਰਚੇ ਹੋਏ ਹੈਂ। ਪੰਡਿਤ ਚੇਤ ਸਿੰਘ ਕੇ ਚੇਲੇ ਪੰਡਿਤ ਸੱਦਾ ਸਿੰਘ ਨੇ ਕਾਂਸ਼ੀ ਜੀ ਚੇਤਨਮਠ ਮੁਕਾਨ ਮੈਂ ਬੈਠਕੇ ਅਦ੍ਵੈਤ ਸਿੱਧੀ ਬੇਦਾਂਤ ਕੇ ਬੜੇ ਕਠਿਨ ਪੁਸਤਕ ਪਰ ਸੁਗਮਸਾਰ ਚੰਦ੍ਰਕਾ ਟੀਕਾ ਸੰਮਤ ੧੮੨੪ ਮੈਂ ਰਚੀ ਹੈ।

ਔਰ ਭਾਈ ਮਨੀ ਸਿੰਘ ਜੀ ਨਿਰਮਲੇ ਨੇ ਜਪਜੀ ਸਾਹਿਬ ਆਸਾ ਦੀ ਵਾਰ, ਸਿੱਧ ਗੋਸ਼ਟ, ਭਾਈ ਗੁਰੁਦਾਸ ਦੀ ਵਾਰ ਪਰ ਟੀਕਾ ਸਾਖੀਆਂ ਰਚੀ ਹੈਂ। ਔਰ ਪੰਡਿਤ ਨਿਹਾਲ ਸਿੰਘ ਜੀ ਨੇ ਸੰਮਤ ੧੮੫੨ ਮੈਂ ਜਪਜੀ ਸਾਹਿਬ ਪਰ ਟੀਕਾ ਸੰਸਕ੍ਰਿਤ ਮੈਂ ਕੀਆ ਹੈ। ਐਸੇ ਹੀ ਜਬ ਹੋਰ ਭੀ ਗੁਰੂ ਕੌਮ ਦੀ ਆਦਿਕ ਬਹੁਤ ਗ੍ਰੰਥ ਸੌ ਸੌ ਬਰਸ ਦੇ ਬਨੇ ਹੋਏ ਨਿਰਮਲੇ ਸੰਤਾਂ ਦੇ ਰਚੇ ਹੂਏ ਮੌਜੂਦ ਹੈ, ਔਰ ਉਨ੍ਹਾਂ ਦੇ ਗੁਰੂ ਭੀ ਚੇਤ ਸਿੰਘ, ਮਾਨ ਸਿੰਘ ਆਦਿਕ ਬਡੇ ਬਡੇ ਪੰਡਿਤ ਨਿਰਮਲੇ ਸੰਤ ਥੇ। ਤਬ ਦਸਮ ਗੁਰੂ ਜੀ ਕੇ ਵਕਤ ਮੈਂ ਤਾ ਨਿਰਮਲੇ ਪੰਡਿਤੋਂ ਸੰਤੋਂ ਕਾ ਹੋਣਾ ਖੁਦ ਹੀ ਸਹੀ ਹੈ। ਅਬ ਜੋ ਲੋਗ ਨਿਰਮਲੇ ਸੰਤਾਂ ਕੋ ਥੋੜੇ ਦਿਨ ਸੈਂ ਸੰਸਕ੍ਰਿਤ ਪੜ੍ਹਨੇ ਲਗੇ ਯਾ ਸੰਤ ਬਣ ਗਏ ਬਤਾਵਤੇ ਹੈਂ। ਉਨ੍ਹਾਂ ਮਤਸਰੀਆਂ ਕੇ ਮੁਖਾਰਬਿੰਦ ਮੈਂ ਨਿਰਮਲੇ ਸੰਤੋਂ ਕੇ ਨਾਮ ਦੀਆਂ ਸਨਦਾ ਤੇ ਪੋਥੀਆਂ ਪੁਰਾਨੀਆਂ ਪੁਰਾਨੀਆਂ ਬਹੁਤ ਸੱਕਰ ਭੁਰਕੇ ਬੱਕਰਤ ਤਾਂਈ ਨਿਕਾਲ ਰਹੀਆਂ ਹਨ। ਹੋਰ ਪ੍ਰਮਾਣ ਦੇਖਾਉਣ ਦੀ ਕੋਈ ਲੋੜ ਨਹੀਂ।

ਅਬ ਕਾਰਣ ਤੇ ਕਾਯਮ ਹੋਣਾ ਅਖਾੜੇ ਕਾ ਸ੍ਰਵਣ ਕਰਾਤੇ ਹੈਂ।



Digitized by Panjab Digital Library | www.panjabdigilib.org

ਜੱਦਜਪਿ ਪਹਿਲੇ ਦਿਨ ਸੈਂ ਹੀ ਨਿਰਮਲੇ ਸਿੰਘ ਪੰਡਿਤ ਸਾਧੂ ਤੀਰਥੋਂ ਕੇ ਮੇਲਜੋਂ ਪਰ ਮਸਹੂਰ ਥੇ। ਪਰੰਤੂ ਅਤੀ ਤਜਾਗ ਬੈਰਾਗਜ ਬਿਰਕਤੀ ਰੱਖਣੇ ਦੇ ਸਬਬ ਲੰਗਰ ਆਪਣਾ ਨਾ ਕਰਦੇ ਪਕੇ ਪਕਾਏ ਭੋਜਨ ਲੋਗ ਦੇ ਜਾਂਦੇ, ਛਕ ਕੇ ਭਜਨ ਸਤਸੰਗ ਕਥਾ ਕੀਰਤਨ ਦੀ ਰੌਣਕ ਰੱਖਦੇ ਸੇ। ਅੱਵਲ ਸੰਮਤ ੧੮੬੪ ਮੈਂ ਦਰਗਾਹਾ ਸਿੰਘ ਜੀ ਕੇ ਡੇਰੇ ਹਰਿਦਾਰ ਕੁੰਭ ਪਰ ਲੰਗਰ ਹੂਆ। ਮਸਤਾਨ ਸਿੰਘ ਮਰਾੜ ਵਾਲੇ ਮਾਨ ਸਿੰਘ ਜੀ ਕੁਬੇਰੀਏ ਜਮੀਤ ਸਿੰਘ ਨਿੱਕਾ ਸਿੰਘ ਮਹੰਤ, ਬਰਨਾਲੇ ਕੇ ਸੱਦਾ ਸਿੰਘ ਕਾਂਸੀ ਵਾਲੇ ਚੇਤ ਸਿੰਘ ਕੈਂਥਲੀਏ, ਗੁਲਾਬ ਸਿੰਘ ਮੋਖ ਪੰਥ ਕਰਤਾ ਪੰਡਿਤ ਭਗਤ ਸਿੰਘ, ਰਣ ਸਿੰਘ, ਧਰਮ ਸਿੰਘ ਅੱਮ੍ਰਿਤਸਰੀਏ, ਨਿਹਾਲ ਸਿੰਘ ਪੰਡਿਤ ਟੀਕਾਕਾਰ ਜਪਜੀ ਕੇ ਸੁਚੇਤ ਸਿੰਘ ਕਰਤਾ ਗੁਰੂ ਕੌਮ ਦੀ ਕੇ ਇਤਜਾਦਿਕ ਸੰਤ ਨਾਮੀ ਗਰਾਮੀ ਥੇ। ਉਸੀ ਵਕਤ ਮਹਾਰਾਜਾ ਰਣਜੀਤ ਸਿੰਘ ਗੰਗਾ ਜੀ ਇਸ਼ਨਾਨ ਕਰਨੇ ਗਏ ਥੇ। ਪੁਨਾ ਸੰਮਤ ੧੮੭੬ ਮੈਂ ਉਸੀ ਜਗਾ ਕੁੰਭ ਕਾ ਮੇਲਾ ਕੀਆ। ਪੰਡਿਤ ਸਿਰੀਆ ਸਿੰਘ ਜੀ, ਮਾਨ ਸਿੰਘ ਜੀ ਕੁਬੇਰੀਏ ਜੋਗਾ ਸਿੰਘ, ਹਜੂਰਾ ਸਿੰਘ, ਧਰਮ ਸਿੰਘ, ਚਾਨਣ ਸਿੰਘ ਅੱਮ੍ਰਿਤਸਰੀਏ, ਤੋਤਾ ਸਿੰਘ ਠੀਕਰੀਵਾਲੀਆ, ਮਹੰਤ ਲੱਖਾ ਸਿੰਘ ਬਰਨਾਲੇ ਵਾਲੇ, ਮਸਤਾਨ ਸਿੰਘ, ਬੁਧ ਸਿੰਘ, ਰੋਚਾ ਸਿੰਘ, ਅਜੀਤ ਸਿੰਘ ਮੁਹਰ ਸਿੰਘ, ਜੱਸਾ ਸਿੰਘ, ਸੁਜਾਨ ਸਿੰਘ, ਭਗਤ ਸਿੰਘ, ਸਮੀਰ ਸਿੰਘ, ਸਰਦੂਲ ਸਿੰਘ, ਗੁਰਦਜਾਲ ਸਿੰਘ ਆਦਿਕ ਬਹੁਤ ਸੰਤ ਮਹੰਤ ਮੇਲੇ ਕਾ ਬਿਹਾਰ ਚਲਾਉਣੇ ਪਰ ਥੇ। ਲੰਗਰ ਦਰਗਾਹਾ ਸਿੰਘ ਕੇ ਡੇਰੇ ਮੇਂ ਹੋਤਾ ਰਹਾ। ਸਿੱਖ ਸਰਦਾਰ ਬਹੁਤ ਸੇਵਾ ਕਰਤੇ ਰਹੇ। ਇਸੀ ਮੇਲੇ ਪਰ ਸੰਨਜਾਸੀਓਂ ਨੇ ਉਦਾਸੀ ਸਾਧਾਂ ਕੋ ਲੜਾਈ ਕਰ ਕੇ ਭਜਾਇ ਦੀਆ। ਛਾਵਣੀ ਝੰਡਾ ਫੂਕ ਦੀਏ। ਗ੍ਰੰਥ ਸਾਹਿਬ ਜੀ ਕੋ ਤਲਵਾਰਾਂ ਮਾਰੀਆਂ। ਰਾਜਾ ਸਾਹਿਬ ਸਿੰਘ ਪਟਯਾਲੇ ਵਾਲੇ ਸਰਦਾਰ ਕਰਮ ਸਿੰਘ ਨਿਰਮਲੇ



Digitized by Panjab Digital Library | www.panjabdigilib.org

ਸ਼ਾਹਾਬਾਦੀਏ ਨਾਨੂ ਸਿੰਘ, ਰਾਇ ਸਿੰਘ ਬੂੜੀਏ ਵਾਲੇ, ਦਸੌਂਧਾ ਸਿੰਘ ਸਢੌਰੇ ਵਾਲਾ, ਬਘੇਲ ਸਿੰਘ ਸਲੌਦੀ ਵਾਲਾ, ਜੋਧ ਸਿੰਘ ਕਲਸੀਆ, ਭੂਪ ਸਿੰਘ ਰੋਪੜੀਆ ਇਤਯਾਦਿਕ ਸਿੱਖ ਸਰਦਾਰ ਜੋ ਕੁੰਭ ਕਾ ਇਸਨਾਨ ਕਰਨੇ ਗਏ ਥੇ। ਗੁਰੂ ਗ੍ਰੰਥ ਸਾਹਿਬ ਜੀ ਕੀ ਬੇਅਦਬੀ ਸੁਣ ਕੇ ਸਬ ਨੇ ਪਟਜਾਲੇ ਵਾਲੇ ਕੇ ਸਾਥ ਹੋ ਕਰ ਸੰਨਯਾਸੀਆਂ ਕੋ ਜ਼ਖਮੀ ਕਤਲ ਕਰਕੇ ਨਠਾਇ ਦਿੱਤਾ। ਛਾਵਨੀ ਉਨ ਕੀ ਜੋ ਦੱਖਸ਼ ਪ੍ਰਜਾਪਤਿ ਕੇ ਪਾਸ ਥੀ, ਲੂਟ ਕਰ ਜਲਾ ਦਈ। ਕਿਲੇ, ਹਵੇਲੀਆਂ, ਮਕਾਨ ਉਨਕੇ ਫਲੇ ਜੋ ਅੰਬਲੀ ਕਸਬੇ ਕੇ ਪਾਸ ਥੇ, ਲੂਟ ਕੂਟ ਕਰ ਤੋੜ ਫੋੜ ਦੀਏ। ਔਰ ਜੋ ਹਰ ਏਕ ਜਾਤਰੂ ਸੇ ਸਵਾ ਰੁਪਯਾ ਮੁੰਡ ਕਾ ਸੰਨਯਾਸੀ ਲੇਤੇ ਥੇ। ਉਸ ਵਕਤ ਸੇਂ ਓਹ ਭੀ ਛੁਡਾ ਦੀਆ। ਫੇਰ ਸੰਮਤ ੧੮੮੮ ਮੇਂ ਨਿਰਮਲ ਪੰਥ ਨੇ ਉਸੀ ਜਗਾ ਕੁੰਭ ਕਾ ਮੇਲਾ ਕੀਆ ਜਹਾਂ ਪਹਿਲੇ ਦੋ ਮੇਲੇ ਕੀਏ ਥੇ। ਪਹਿਲੇ ਝੰਡਾ ਨਹੀਂ ਖੜਾ ਕੀਆ ਥਾ। ਇਸ ਮੇਲੇ ਪਰ ਗੁਰੂ ਗੋਬਿੰਦ ਸਿੰਘ ਜੀ ਕਾ ਝੰਡਾ ਖੜਾ ਕੀਆ ਗੈਆ। ਖਜਾਨ ਸਿੰਘ ਚੱਕਵਾਲਾ ਦੁਧਾਧਾਰੀ, ਮਾਨ ਸਿੰਘ ਕਬੇਰੀਏ, ਭਾਗ ਸਿੰਘ ਗੋਦੜੀਆ, ਦੌਲਾ ਸਿੰਘ ਠੀਕਰੀ ਵਾਲੀਆ, ਹਜੂਰਾ ਸਿੰਘ, ਮੰਨਾ ਸਿੰਘ, ਜੋਗਾ ਸਿੰਘ, ਦਯਾਲ ਸਿੰਘ, ਚਾਨਣਾ ਸਿੰਘ ਅੰਮ੍ਰਿਤਸਰੀਏ, ਰੋਚਾ ਸਿੰਘ ਖੰਡੂਰੀਆ, ਝੰਡੂ ਸਿੰਘ, ਦੇਵਾ ਸਿੰਘ, ਸਰੂਪ ਸਿੰਘ, ਲੱਖਾ ਸਿੰਘ ਆਦਿਕ ਬਹੁਤ ਸੰਤ ਮਹੰਤ ਥੇ। ਫੇਰ ਸੰਮਤ ੧੯੦੦ ਮੇਂ ਕੁੰਭ ਦੇ ਮੇਲੇ ਪਰ ਭਾਈ ਜੈ ਸਿੰਘ, ਗੁਲਾਬ ਸਿੰਘ ਸਿਠਾਲੇ ਵਾਲੇ, ਗੁਰਦਿਆਲ ਸਿੰਘ ਗੰਧੀਆਂ ਵਾਲੇ, ਦਿਆਲ ਸਿੰਘ, ਸਾਉਣ ਸਿੰਘ, ਜੋਗਾ ਸਿੰਘ ਅੰਮ੍ਰਿਤਸਰੀਏ, ਮਲ ਸਿੰਘ ਪੰਡੋਰੀਵਾਲਾ ਸਰਬੱਗਯ ਸਿੰਘ ਨਾਂਗਾ, ਰਾਮ ਸਿੰਘ ਕੁਬੇਰੀਏ, ਗੁਰਦਿਤ ਸਿੰਘ ਪੰਡਿਤ ਖੜਗ ਸਿੰਘ ਲੰਮੀਆਂ ਵਾਲੇ, ਮਸਤਾਨ ਸਿੰਘ ਮਰਾੜ ਵਾਲੇ, ਥਰਾਜ ਸਿੰਘ ਸ਼ੇਖਵਾਂ ਵਾਲੇ ਰਣ ਸਿੰਘ ਹਬਰੀਕਾ, ਬੱਲਾ ਸਿੰਘ ਖੰਡੂਰੀਆ,



Digitized by Panjab Digital Library | www.panjabdigilib.org

ਗਾਧਾ ਸਿੰਘ ਬਰਨਾਲੇ ਵਾਲੇ, ਤੋਤਾ ਸਿੰਘ, ਹੀਰਾ ਸਿੰਘ ਠੀਕਰੀਵਾਲੀਏ ਇਤਯਾਦਿਕ ਸੰਤ ਮਹੰਤ ਬਹੁਤ ਇਕੱਠੇ ਉਤ੍ਰੇ ਲੰਗਰ ਦੀਆ ਝੰਡਾ ਖੜਾ ਕੀਆ। ਰਾਜਾ ਪਟਯਾਲੇ ਵਾਲੇ ਦੀ ਹਵੇਲੀ ਦੇ ਘੇਰੇ ਮੈ ਕਥਾ ਕੀਰਤਨ ਹੋਤੇ ਰਹੇ। ਮੈਣਦਾਬੀਏ ਸਰਦਾਰਾਂ ਨੇ ਬਹੁਤ ਸੇਵਾ ਕਰੀ। ਫੇਰ ਸੰਮਤ ੧੯੦੩ ਕੋ ਪਰਾਗਰਾਜ ਦੇ ਕੁੰਭ ਪਰ ਬੰਧੇ ਕੇ ਪਾਸ ਛਾਵਣੀ ਬਣਾਈ। ਲੰਗਰ ਹੋਤਾ ਰਹਾ, ਝੰਡਾ ਖੜਾ ਕੀਆ। ਸ਼ਾਹੂਕਾਰੋ ਨੇ ਬਹੁਤ ਸੇਵਾ ਕਰੀ। ਮਹੰਤ ਰਾਮ ਸਿੰਘ ਜੀ ਕੁਬੇਰੀਏ, ਭਾਈ ਸਮੀਰ ਸਿੰਘ, ਬੋਧ ਸਿੰਘ, ਪੰਡਿਤ ਸਰੂਪ ਸਿੰਘ, ਰਾਮ ਸਿੰਘ ਕਾਂਸ਼ੀ ਵਾਲੇ, ਸਰਬੱਗਜ ਸਿੰਘ, ਗੁਲਾਬ ਸਿੰਘ, ਗੁਰਮੁਖ ਸਿੰਘ, ਮੱਜਾ ਸਿੰਘ, ਨਿਹਾਲ ਸਿੰਘ ਲੰਬਾ, ਗੁਰਦਿਤ ਸਿੰਘ, ਖਜਾਨ ਸਿੰਘ ਅਵਧੂਤ, ਦਿਵਾਨ ਸਿੰਘ ਬਿਰਕਤ ਡਰੋਲੀਵਾਲਾ, ਸੁਦਾਗਰ ਸਿੰਘ, ਬਸਾਵਾ ਸਿੰਘ ਰਾਜੋਮਾਜਰੀਏ, ਚੇਤ ਸਿੰਘ ਪੰਡੋਰੀਵਾਲੇ, ਜੋਗਾ ਸਿੰਘ, ਝੰਡਾ ਸਿੰਘ ਆਦਿਕ ਸੰਤ ਮਹੰਤ ਨਿਰਮਲੇ ਚਾਰ ਹਜ਼ਾਰ ਤੈ ਅਧਿਕ ਜਮਾ ਥੇ। ਫੇਰ ਸੰਮਤ ੧੯੧੨ ਮੈਂ ਹਰਿਦ੍ਵਾਰ ਕੁੰਭ ਦਾ ਮੇਲਾ ਸਪਤ ਸਰੋਵਰ ਪਰ ਕੀਆ, ਛਾਵਣੀ ਬਨਾਈ ਸਾਧੂ ਸਿੰਘ ਬਾੜੀਆਂ ਵਾਲੇ ਨੇ, ਭਾਈ ਹੀਰਾ ਸਿੰਘ ਠੀਕਰੀ ਵਾਲੀਏ, ਭਾਈ ਮਤਾਬ ਸਿੰਘ ਜੀ ਬਿਰਕਤ, ਮਹਾਪੁਰਖ ਗੁਲਾਬ ਸਿੰਘ, ਮਲ ਸਿੰਘ ਪੰਡੋਰੀ ਵਾਲੇ, ਨਰੈਣ ਸਿੰਘ ਸ਼ੇਖਵਾਂਵਾਲੇ, ਬਹਾਲ ਸਿੰਘ, ਦਿਆਲ ਸਿੰਘ,ਤਾਰਾ ਸਿੰਘ, ਨਿਹਾਲ ਸਿੰਘ, ਸਾਉਣ ਸਿੰਘ ਅੰਮ੍ਰਿਤਸਰੀਏ ਗੰਧੀਆਂ ਵਾਲੇ, ਘਣੀਆ ਸਿੰਘ, ਸਰਦੂਲ ਸਿੰਘ ਭੰਗਾਲੇ ਵਾਲੇ, ਅੱਛਰ ਸਿੰਘ ਲਾਹੌਰ ਵਾਲੇ, ਮਹੰਤ ਗਾਧਾ ਸਿੰਘ ਬਰਨਾਲੇ ਵਾਲੇ ਇਤਯਾਦਿਕ ਬਹੁਤ ਸੰਤ ਮਹੰਤ ਨਿਰਮਲੇ ਇਕੱਠੇ ਹੂਏ। ਲੰਗਰ ਹੋਤਾ ਰਹਾ। ਇਸੀ ਮੇਲੇ ਪਰ ਸਰਬ ਨਿਰਮਲੇ ਸੰਤਾਂ ਮਹੰਤਾਂ ਨੇ ਅਖਾੜਾ ਬਾਂਧਨੇ ਕੀ ਪੱਕੀ ਸਲਾਹ ਠਹਰਾਈ। ਕਾਹੇ ਤੈ ਜੋ ਕੋਈ ਕੇਸਾਧਾਰੀ ਬਿਹੰਗਮ ਸਿੰਘ ਸਾਧੂ ਉਦਾਸੀਓਂ ਕੇ ਅਖਾੜਜੋਂ ਮੈਂ ਕਦੀ ੨



Digitized by Panjab Digital Library | www.panjabdigilib.org

ਪ੍ਰਸ਼ਾਦ ਛਕਣ ਜਾਂਦਾ ਤਾਂ ਉਦਾਸੀ ਸੰਤ ਉਸ ਕੋ ਬਹੁਤ ਨਿਰਾਦਰੀ ਕਰਤੇ ਔਰ ਅਵਾਚ ਬਚਨ ਬੋਲਤੇ ਹੂਏ ਪੰਗਤਿ ਸੈਂ ਉਠਾ ਦੇਤੇ ਥੇ। ਔਰ ਕਿਤਨੇ ਹੀ ਮੂਰਖ ਸਿੰਘ ਓਨਾਂ ਦੇ (ਬਰਗੁਲਾਏ) ਭੁਮਾਏ ਹੋਏ ਉਦਾਸੀ ਬਨ ਜਾਤੇ ਥੇ। ਇਸ ਪ੍ਰਕਾਰ ਬਿਹੰਗਮ ਸਿੱਖਾਂ ਸਾਧਾਂ ਦੀ ਨਿਰਾਦਰੀ ਹੁੰਦੀ ਤੇ ਸਿੰਘਾਂ ਦਾ ਸਿੰਘੀ ਧਰਮ ਬਿਗੜਦਾ ਦੇਖ ਸੁਨ ਕੇ ਨਿਰਮਲੇ ਸੰਤ ਭਾਈ ਹੀਰਾ ਸਿੰਘ, ਭਾਈ ਮਤਾਬ ਸਿੰਘ ਬਿਰਕਤ ਆਦਿਕ ਮਹਾਤਮਾ ਦੇ ਪ੍ਰੇਰੇ ਹੋਏ ਮਹਾਰਾਜਾ ਨਰੇਂਦ੍ਰ ਸਿੰਘ ਸਾਹਿਬ, ਬਹਾਦੁਰ ਧਰਮ ਮੂਰਤਿ ਨੇ ਰਾਜਾ ਸਰੂਪ ਸਿੰਘ ਸਾਹਿਬ ਬਹਾਦਰ ਕੋ ਔਰ ਰਾਜਾ ਭਰਪੂਰ ਸਿੰਘ ਸਾਹਿਬ ਕੋ ਏਸ ਪਰਮ ਧਰਮ ਪਰੋਪਕਾਰ ਦੇ ਕੰਮ ਨੂੰ ਤੋੜ ਪਹੁੰਚਾਵਣ ਵਾਸਤੇ ਆਪਣੇ ਸਾਥ ਸ਼ਾਮਲ ਕਰ ਲੀਆ। ਏਨ੍ਹਾਂ ਤੀਨੋਂ ਸਰਕਾਰਾਂ ਨੇ ਇਤਫਾਕ ਸਲਾਹ ਕਰਕੇ ਹਰਿਦ੍ਵਾਰ ਪਰਾਗਰਾਜ ਉਜੈਨ ਕੁਰੁਖੇਤ੍ਰ ਗੋਦਾਵਰੀ ਦੇ ਮੇਲੇ ਕੁੰਭ ਵਗੈਰੇ ਪਰ ਲੰਗਰ ਦੇਣ ਵਾਸਤੇ ਏਕ ਲਾਖ ਰੁਪਏ ਦੇ ਲਗ ਭਗ ਨਕਦ ਰੁਪਯਾ ਅਖਾੜੇ ਦੇ ਖਜਾਨੇ ਵਿੱਚ ਜਮਾਂ ਕਰ ਦਿੱਤਾ ਅਤੇ ਪਾਂਚ ਛੇ ਹਜ਼ਾਰ ਸਾਲਾਨੇ ਦੀ ਜਾਗੀਰ ਦੇ ਕੇ ਹਮੇਸ਼ ਵਾਸਤੇ ਸਨਦਾ ਲਿਖ ਦਿਤੀਆਂ। ਭਾਈ ਮਤਾਬ ਸਿੰਘ ਮਹਾਰਾਜ ਜੇੜ੍ਹੇ ਓਸ ਸਮੇ ਦੇ ਸਿੱਧ ਲੋਗ ਸਤਪੁਰਖ ਔਲੀਆ ਮਸ਼ਹੂਰ ਥੇ, ਓਨਾਂਨੂੰ ਅਖਾੜੇ ਦੇ ਇੰਤਜ਼ਾਮ ਰੱਖਣ ਵਾਸਤੇ ਸ਼੍ਰੀ ਮਹੰਤ ਬਨਾਕਰ ਸਬ ਚੀਜ਼ ਸਪੁਰਦ ਕਰ ਦਿੱਤੀ। ਤਬ ਸੈਂ ਭਾਈ ਮਤਾਬ ਸਿੰਘ ਸਾਹਿਬ ਨੇ ਅਖਾੜੇ ਦੀ ਜਮਾਤ ਕਾਯਮ ਕਰ ਕੇ ਸਬ ਤੀਰਥੋਂ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਕੇ ਨਾਮ ਕੇ ਝੰਡੇ ਖੜੇ ਕਰ ਕੇ ਲੰਗਰ ਦੇਣੇ ਜਾਰੀ ਕਰ ਦਿੱਤੇ। ਜੋ ਅਬ ਤਕ ਰੋਜ਼ ਬਰੋਜ ਉੱਨਤੀ ਪਰ ਹੈਂ। ਹਰਿਦੁਵਾਰ ਦੇ ਮੇਲੇ ਕੁੰਭ ਪਰ ਬੀਸ ਬੀਸ ਹਜ਼ਾਰ ਆਦਮੀ ਕਾ ਲੰਗਰ ਏਕ ਮਹੀਨਾ ਭਰ ਰੋਜ਼ ਤੱਯਾਰ ਹੋਤਾ ਹੈ। ਪੰਗਤਿ ਲਗਾ ਕੇ ਸਬ ਨੂੰ ਬਰਾਬਰ ਬਰਤਾ ਦਿੰਦੇ ਹਨ। ਏਸ ਲੰਗਰ ਦੇ ਅਖਬਾਰ ਤੇ ਇਸਤਿਹਾਰ ਸਰਕਾਰ ਦੇ



Digitized by Panjab Digital Library | www.panjabdigilib.org

ਮਾਤਬਰ ਹਰ ਮੇਲੇ ਪਰ ਛਪਾਂਉਦੇ ਹਨ ਹੋਰ ਦਾ ਨਹੀਂ। ਇਸ ਪੁੰਨਜ ਦੇ ਪ੍ਰਤਾਪ ਸੈਂ ਫੂਲ ਕੇ ਰਾਜਯੋਂ ਕਾ ਭੀ ਜਸ ਧਰਮ ਸੂਰਜ ਸਮ ਸਾਰੇ ਭਾਰਥਖੰਡ ਮੈਂ ਪ੍ਰਕਾਸ਼ਿਤ ਹੋ ਰਹਾ ਹੈ। ਇਸ ਨਿਰਮਲ ਪੰਥ ਖਾਲਸੇ ਜੈਸੀ ਰੌਣਕ ਸਭਾ ਕਥਾ ਕੀਰਤਨ ਭਜਨ ਲੰਗਰ ਹੋਰ ਕਿਸੀ ਪੰਥ ਮੈਂ ਨਹੀਂ। ਦੇਣੇ ਵਾਲਯੋਂ ਕਾ ਦੇਣਾ ਭੀ ਐਸੀ ਜਗਾ ਮੇਂ ਹੀ ਸਫਲਾ ਹੈ। ਸੰਮਤ ੧੯੧੮ ਭਾਦੋਂ ਸੁਦੀ ੧੨ ਕੋ ਏਹ ਅਖਾੜਾ ਬਾਂਧਨੇ ਦੇ ਵਕਤ ਇਸ ਦੀ ਮੁਯਾਦਾ ਹਮੇਸ਼ ਕਾਯਮ ਰੱਖਣ ਵਾਸਤੇ ਜੇੜ੍ਹਾ "ਮੁਯਾਦਾ ਪੱਤ੍ਰ" ਕਾਨੂਨ ਲਿਖਾ ਥਾ। ਸੋ ਭੀ ਕੁਛਕ ਸੰਖਜੇਪ ਕਰ ਕੇ ਦੇਖਾਵਤੇ ਹੈਂ। ਸ੍ਰਵਣ ਕਰੋ।

(੧) ਭਾਈ ਮਤਾਬ ਸਿੰਘ ਸਾਹਿਬ ਮਹਾਤਮਾ ਇਸ ਅਖਾੜੇ ਧਰਮਧੁਜਾ ਦੇ ਮਾਲਕ ਹੈਂ। ਅਖਾੜੇ ਮੈਂ ਹੋਰ ਮਹੰਤ ਬਣਾਉਣਾ ਹਟਾਉਣਾ ਖਰਚ ਆਦਨੀ ਕਾ ਹਿਸਾਬ ਸਮਝਣਾ, ਹੋਰ ਸਰਬ ਪ੍ਰਕਾਰ ਦੇ ਬਿਹਾਰ ਚਲਾਣੇ ਮੈਂ ਭਾਈ ਸਾਹਿਬ ਜੀ ਕੋ ਇਖਤਜਾਰ ਰਹੇਗਾ। ਬਾਦ ਇਨ ਕੇ ਜੋ ਮਹੰਤ ਇਨਕੀ ਜਗਾ ਹੋਗਾ ਫੇਰ ਓਹ ਮਾਲਕ ਮੰਨਜਾ ਜਾਏਗਾ।

(੨) ਜਿਸ ਕਦਰ ਰੁਪਯਾ ਅਖਾੜੇ ਮੈਂ ਜਮਾ ਹੈ, ਉਸ ਕੀ ਆਮਦਨੀ ਸੂਦ ਸੁਦਾਗਰੀ ਕੇ ਨਫੇ ਸੈਂ ਔਰ ਆਮਦਨੀ ਜਾਗੀਰ ਸੈਂ ਕਾਰਬਾਰ ਅਖਾੜੇ ਕਾ ਤੀਰਥੋਂ ਪਰ ਲੰਗਰ ਦੇਣਾ, ਮਕਾਨ ਬਣਾਉਣੇ ਵਗੈਰਾ ਖਰਚ ਹੂਆ ਕਰੇ ਅਸਲੀ ਰਕਮ ਨਾਂ ਖਰਚੀ ਜਾਵੇ।

(੩) ਅਖਾੜੇ ਦੇ ਖਜਾਨੇ ਦੀ ਰੱਖਜਾ ਬ੍ਰਿਧੀ ਕਰਨੀ, ਹਰ ਏਕ ਮਹੰਤ ਕੁਠਾਰੀ ਕੇ ਜ਼ਿੰਮੇ ਰਹੇਗੀ ਔਰ ਕੁੰਜੀ ਖਜਾਨੇ ਕੀ ਸ੍ਰੀ ਮਹੰਤ ਕੇ ਪਾਸ ਰਹੇਗੀ। ਓਹ ਜਿਸ ਕੋ ਲਾਯਕ ਦੇਖੇਂ ਉਸ ਕੇ ਸਪੁਰਦ ਕਰ ਦੇਵੇਂ ਆਮਦਨ ਖਰਚ ਕਾ ਹਿਸਾਬ ਦੂਸਰੇ ਸਬ ਮਹੰਤੋਂ ਸੇਂ ਸ੍ਰੀ ਮਹੰਤ ਸਮਝਤੇ ਰਹੇਂਗੇ।

(੪) ਅਖਾੜੇ ਕੇ ਕੁਠਾਰੀਓਂ, ਮਹੰਤੋਂ ਕੋ ਲਾਜ਼ਿਮ ਹੋਗਾ ਕਿ



Digitized by Panjab Digital Library | www.panjabdigilib.org

ਅਖਾੜੇ ਧਰਮ ਧੁਜਾ ਕੇ ਸਾਰੇ ਬਿਹਾਰ ਕੋ ਗੁਰੂ ਸਾਹਿਬ ਕਾ ਸਮਝ ਕਰ ਆਪ ਕੋ ਰਖਵਾਲੇ ਤੇ ਕਾਰਬਾਰੀ ਮੰਨ ਕੇ ਬਹੁਤ ਇਮਾਨਦਾਰੀ ਕੇ ਸਾਥ ਏਸ ਪਰਮ ਧਰਮ ਦੇ ਬਿਹਾਰ ਦੀ ਉੱਨਤੀ ਕਰਨੇ ਮੇਂ ਮਨ ਤਨ ਕਰ ਕੇ ਅਨੇਕ ਪ੍ਰਕਾਰ ਕੀ ਕੋਸ਼ਿਸ਼ ਕਰਤੇ ਰਹੇਂ।

(੫) ਜੋ ਕੋਈ ਸਿੱਖ ਸਾਧੂ ਅਖਾੜੇ ਮੈਂ ਲੀਆ ਜਾਵੇ ਪਹਿਲੇ ਉਸ ਸੈਂ ਗੁਰੂ ਗ੍ਰੰਥ ਸਾਹਿਬ ਜੀ ਪਰ ਹਾਥ ਰਖਵਾ ਕਰ ਅਰਦਾਸ ਕਰੀ ਜਾਯਾ ਕਰੇ ਕਿ ਜਬ ਤਕ ਮੈਂ ਅਖਾੜੇ ਮੇਂ ਰਹੂੰਗਾ ਧਰਮ ਈਮਾਨ ਸਾਥ ਕੰਮ ਕਰੂੰਗਾ ਔਰ ਕੋਈ ਚੀਜ਼ ਅਖਾੜੇ ਤੈ ਜੁਦੀ ਅਪਨੇ ਪਾਸ ਨਾ ਰਖੂੰਗਾ।

(੬) ਸ੍ਰੀ ਮਹੰਤ ਕੋ ਚਾਹੀਏ ਕਿ ਅਪਣੇ ਧਰਮ ਮ੍ਰਯਾਦਾ ਮੈਂ ਕਾਯਮ ਰਹਿਣੇ ਵਾਲੇ ਦੀਮਾਨਦਾਰ ਹੁਸ਼ਜਾਰ ਕੋ ਅਖਾੜੇ ਮੈਂ ਜਥਾ ਜੋਗ ਔਹਦੇ ਪਰ ਕਾਯਮ ਕੀਆ ਕਰੇਂ ਦੂਸਰੇ ਕੋ ਨਾਂ ਕਰੇਂ। ਜੇ ਕਰ ਦੀਆ ਹੋ ਤੋ ਹਟਾ ਦੇਵੇਂ ਔਰ ਕਸੂਰ ਵਾਲੇ ਕਾ ਕਸੂਰ ਸਾਬਤ ਕਰ ਕੇ ਉਸ ਕੋ ਜਥਾ ਜੋਗ ਦੰਡ ਲਾਯਾ ਕਰੇਂ। ਉਨਕੋ ਭੀ ਅਪਨੇ ਕਸੂਰ ਪਰ ਦੰਡ ਜ਼ਰੂਰ ਮਨਜੂਰ ਕਰਨਾ ਚਾਹੀਏ।

(੭) ਅਖਾੜੇ ਮੈਂ ਰਹਿਨੇ ਵਾਲੇ ਸਿੱਖ ਸਾਧੂ ਆਪਸ ਮੈਂ ਸਬ ਪਯਾਰ ਮੁਹੱਬਤ ਸਕੇ ਭਾਈਓਂ ਜੈਸੀ ਰਖ ਕਰ ਅਖਾੜੇ ਕੇ ਕਾਮ ਕੋ ਅਪਣੇ ਲੋਕ ਪਰਲੋਕ ਦਾ ਸਹਾਯਕ ਮੰਨਕੇ ਕੀਆ ਕਰੇਂ ਔਰ ਆਪਸ ਮੈਂ ਕੋਈ ਕਿਸੀ ਕਾ ਕਬੀ ਮੂਹ ਨਾ ਫਿਟਕਾਰੇ। ਲੜਾਈ ਨਾ ਕਰੇਂ, ਅਖਾੜੇ ਦੀ ਕੋਈ ਚੀਜ਼ ਨਾ ਚੁਰਾਵੇਂ। ਏਕਲੇ ਕੁਛ ਖਾਵੇਂ ਪੀਵੇਂ ਨਹੀਂ ਆਪਣੇ ਛਾਂਦੇ ਖਾਨ ਪਹਿਰਾਨ ਮੈਂ ਸੰਤੋਖ ਰੱਖਣਾ। ਭੰਗ ਫੀਮ ਵਗੈਰਾ ਕੋਈ ਅਮਲ ਅਖਾੜੇ ਮੈਂ ਨਹੀਂ ਖਾਣਾ ਪੀਣਾ, ਬਿੱਦਯਾ ਪੜ੍ਹਨੀ ਹਿਸਾਬ ਦਾ ਕਾਗਜ਼ ਸ਼ਾਹੂਕਾਰੋਂ ਜੈਸਾ ਸਾਫ਼ ਲਿੱਖਣਾ ਸਿੱਖਣਾ, ਧਰਮ ਰੱਖਣਾ। ਭੇਖ ਦੀ ਲਾਜ ਪਾਲਣੀ। ਮੈਤ੍ਰੀ ਮੁਦਤਾ ਕਰਣਾ, ਅਪਿਖਯਾ ਇੱਤਯਾਦਿਕ ਦੈਵੀ ਗੁਣ



Digitized by Panjab Digital Library | www.panjabdigilib.org

ਧਾਰਣੇ, ਕਾਮ ਕ੍ਰੋਧ, ਲੋਭ ਮੋਹ ਮਤਸਰ ਆਦਿਕ ਆਸੁਰੀ ਸੰਪਤਾ ਕੋ ਤਜਾਗ ਕੇ ਧਰਮ ਦੇ ਸਾਥ ਏਸ ਪਰੋਪਕਾਰ ਦੇ ਕੰਮ ਨੂੰ ਸਿਰ ਤਾਂਈ ਦਾਈਆ ਰੱਖ ਕੇ ਨਿਬਾਹੁਣਾ।

(੮) ਅਖਾੜੇ ਦੇ ਮਹੰਤਾਂ ਦੇ ਜ਼ਿੱਮੇਂ ਫਰਜ ਹੈ ਹਰਿਦੁਵਾਰ ਪਰਾਗ ਰਾਜ ਕੁਰੁਖਜੇਤ੍ਰ ਵਗੈਰੇ ਤੀਰਥੋਂ ਕੇ ਮੇਲੇ ਕੁੰਭ ਅਧਕੁੰਭੀ ਸੂਰਜ ਗ੍ਰਹਿਨ ਮੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਾ ਝੰਡਾ ਖੜਾ ਕਰ ਕੇ ਸਿੰਘ ਨਾਮ ਵਾਲੇ ਸਰਬ ਸਿੱਖ ਸਾਧੁ ਕੋ ਏਕ ਸਮ ਪੰਗਤਿ ਮੈਂ ਪ੍ਰਸਾਦ ਔਰ ਉਤਾਰੇ ਕੋ ਜਗਾ ਦੀਆ ਕਰੇਂ। ਕਬੀ ਕਬੀ ਆਨੰਦਪੁਰ, ਅੰਮ੍ਰਿਤਸਰ, ਮੁਕਤਸਰ ਆਦਿਕ ਗੁਰੁਦਵਾਰੇ ਮੇਲੇ ਦੇ ਮੌਕਜਾਂ ਪਰ ਪਹੁੰਚ ਕੇ ਲੰਗਰ ਦੀਆ ਕਰੇਂ।

(੯) ਤਮਾਮ ਗੁਰੂ ਕੇ ਸਿੱਖਾਂ ਸਾਧਾਂ ਕੋ ਔਰ ਖਾਸਕਰ ਪੰਥ ਖਾਲਸੇ ਕੋ ਲਾਜ਼ਿਮ ਹੋਗਾ। ਇਸ ਅਖਾੜੇ ਧਰਮ ਧਜਾ ਕੀ ਸੇਵਾ ਪੂਜਾ ਮੰਨਤ ਮੇਂ ਅਪਨੇ ੨ ਕਦਰ ਅਨੁਸਾਰ ਕਈ ਫਰਕ ਨਾ ਰੱਖੇ ਜੈਸੇ ਹੋਰ ਤਖਤ ਇਸਥਿਰ ਗੁਰੂ ਕੇ ਹੈਂ ਤੈਸੇ ਇਸ ਕੋ ਭੀ ਜੰਗਮ ਬਹੀਰੀਆ ਚਲਦਾ ਤਖਤ ਸਮਝ ਕੇ ਸਬ ਗੁਰੁ ਕੇ ਸਿੱਖ ਮੰਨੇਂ ਪੂਜੇ ਔਰ ਅਪਣੀ ਔਲਾਦ ਨੂੰ ਇਸ ਜੰਗਮ ਤਖਤ ਸੈਂ ਅੰਮ੍ਰਿਤ ਛਕਾ ਕੇ ਉਪਦੇਸ਼ ਦੇਵਾ ਕਰ ਗੁਰਮੁਖ ਕਰਵਾਯਾ ਕਰੇਂ। ਬਲਕੇ ਹੋਰ ਪੂਜਾਰੀ ਤਾਂ ਭੇਟਾ ਪੂਜਾ ਲੈ ਕੇ ਅਪਣੇ ਕੁਟੰਬ ਔਰ ਬਿਸ਼ਿਯਾਂ ਮੈਂ ਖਰਚ ਕਰਤੇ ਹੈਂ ਔਰ ਇਸ ਅਖਾੜੇ ਮੈਂ ਭੇਟਾ ਪੂਜਾ ਦਿਤੀ ਹੋਈ ਤੀਰਥੋਂ ਪਰ ਲੰਗਰੋਂ ਮੇਂ ਲਗਤੀ ਹੈ।

(੧੦) ਇਸ ਧਰਮ ਧਜਾ ਅਖਾੜੇ ਦੀ ਮਦਤ ਸੇਵਾ ਦਾ ਖਜਾਲ ਰੱਖਨਾ ਹੋਰ ਸਬ ਲੋਗੋਂ ਸੈਂ ਜਜਾਦੇ ਫੂਲ ਕੇ ਰਾਜਜਾਂ ਪਰ ਫਰਜ ਹੈ ਕਜੋਂਕਿ ਏਹ ਧਰਮ ਦਾ ਝੰਡਾ ਫੂਲ ਬੰਸੀਓਂ ਕੇ ਘਰ ਸੈਂ ਕਾਯਮ ਹੂਆ ਹੈ ਔਰ ਇਸ ਧਰਮ ਧਜਾ ਦੇ ਅਸਾਮੀ ਬਣਜ ਦੀ ਮ੍ਰਯਾਦ ਭੀ ਮੁਕੋਰ੍ਹਾ ਕੋਈ ਨਾ ਸਮਝੀ ਜਾਵੇ ਸਰਕਾਰੀ ਬੈਂਕ ਕੋਠੀ ਦੀ ਤਰਾਂ ਆਪ ਹੀ ਹਿਸਾਬ ਕਰ



Digitized by Panjab Digital Library | www.panjabdigilib.org

ਕੇ ਬਾਕੀ ਕੱਢ ਲੈਣੀ ਅਖਾੜੇ ਕੇ ਮਹੰਤਾਂ ਕੋ ਇਖਤਜਾਰ ਰਹੇਗਾ।

(੧੧) ਭਾਈ ਮਤਾਬ ਸਿੰਘ ਮਹਾਤਮਾ ਕੀ ਜਗਾ, ਜੋ ਸ੍ਰੀ ਮਹੰਤ ਕਾਯਮ ਹੋਵੇਗਾ। ਸੋ ਸਾਥ ਸਲਾਹ ਸਰਕਾਰੋਂ ਕੇ ਔਰ ਪੰਥ ਕੇ ਹੂਆ ਕਰੇਗਾ।

(੧੨) ਇਸ ਅਖਾੜੇ ਦੀ ਜਮਾਤ ਫੇਰਨੇ ਵਾਲੇ ੪ ਮਹੰਤ ੫ ਭੰਡਾਰੀ ਕਾਰਵਾਈ ਗ੍ਰੰਥੀ ਕੱਢਾਂ ਰੱਖਣਾ ਕਰੇਂ ਹੋਰ ਨਾ ਕੋ ਇਖਤਜਾਰ ਹੈ। ਕਯੋਂਕਿ ਬਿਰਕਤਾਂ ਪਰ ਜੋਰ ਨਹੀਂ, ਤੇ ਜੋ ਕੁਛ ਨੁਕਸਾਨ ਅਖਾੜੇ ਦਾ ਕੋਈ ਸ਼ਸਖ ਕਰੇਗਾ ਵੋਹ ਨੁਕਸਾਨ ਉਸ ਕੀ ਔਰ ਉਸ ਕੇ ਗੁਰੂ ਕੀ ਜਾਇਦਾਦ ਸੈਂ ਭਰ ਲੀਆ ਜਾਵੇਗਾ। ਤੀਨ ਵਾਰੀ ਕਸੂਰ ਕਰਨੇ ਵਾਲਾ ਫੇਰ ਕਦੀ ਅਖਾੜੇ ਮੈਂ ਨਾ ਰੱਖਣਾ ਜਾਵੇਗਾ। ਔਰ ਕੋਈ ਮਹੰਤ ਅਪਨੀ ਪੂਜਾ ਅਖਾੜੇ ਸੈਂ ਜੁਦੀ ਨਾਂ ਕਰਾਵੇ ਜੋ ਕੁਛ ਆਗੇ ਪੀਛੇ ਮਿਲੇ ਸਬ ਪੰਚ ਮੈਂ ਦੇ ਦੇਵੇ। ਔਰ ਦੋਹਾਂ ਗ੍ਰੰਥ ਸਾਹਿਬਾਂ ਦੀ ਬਾਣੀ ਯਾ ਗੁਰੂ ਕੀ ਸਾਖੀਆਂ ਯਾਂ ਭਾਈ ਗੁਰਦਾਸ ਦੀ ਬਾਣੀ ਦੀ ਕਥਾ ਅਖਾੜੇ ਮੇਂ ਹੋਵੇ। ਚੌਕੀ ਰਾਗੀਆਂ ਦੀ ਹਮੇਸ ਸਾਥ ਰਹਾ ਕਰੇ। ਭੰਡਾਰਾ ਕਰਨ ਵਾਲੇ ਦੇ ਘਰ ਨਿਸਫ ਪ੍ਰਸਾਦ ਛੋਡਣੇ ਮੈਂ ਮਹੰਤ ਧਯਾਨ ਰੱਖੇ। ਭੰਡਾਰੀਓਂ ਕੇ ਭਰੋਸੇ ਨਾ ਰਹੇ। ਪੂਜਾ ਜਿਤਨੀ ਕੋਈ ਦੇਵੈ ਲੈ ਲੈਣੀ, ਜਿੱਦ ਨਹੀਂ ਕਰਨੀ। ਪੰਥ ਦੇ ਮੁਕਾਨੀ ਝਗੜਯਾਂ ਦਾ ਫੈਸਲਾ ਅਖਾੜੇ ਵਾਲੇ ਮਹੰਤਾਂ ਦਾ ਕੀਤਾ ਹੋਯਾ ਸਬ ਨੂੰ ਮਨਜੂਰ ਕਰਨਾ ਹੋਵੇਗਾ ਔਰ ਅਖਾੜੇ ਦਾ ਝਗੜਾ ਸ੍ਰੀ ਮਹੰਤ ਨਬੇੜੇਂਗੇ। ਅਖਾੜੇ ਮੈਂ ਰਹਿਣੇ ਵਾਲੇ ਸੰਤਾਂ ਮਹੰਤਾਂ ਕੋ ਲੱਠਾ ਖਾਸਾ ਮਲਮਲ ੧੮ ਗਜ ਬਸਤ੍ਰ ਇਕ ਜੋੜਾ ਛਿਮਾਹੀ ਦੀ ਅਤੇ ਸਜਾਲੇ ਮੈਂ ਗੋਦੜੀ ਸਿਵਾਈ ਏਹ ਸਬ ਛਾਂਦਾ ਸਬ ਨੂੰ ਮਿਲਿਆ ਕਰੇ। ਮਹੰਤ ਪਾਸ ਦੁਸ਼ਾਲਾ ਚੱਦਰ ਆਦਿਕ ਇਕ ਕਪੜਾ ਚੰਗਾ ਇੱਜ਼ਤ ਦਾ ਰਿਹਾ ਕਰੇ। ਜਦ ਕੋਈ ਅਖਾੜੇ ਵਿਚੋਂ ਜਾਵੇ ਤਾਂ ਪਹਿਰੇ ਹੋਏ ਬਸਤ੍ਰ ਛੋਡ ਕੇ ਹੋਰ ਸਬ ਪੰਚਾਇਤ ਮੈਂ



Digitized by Panjab Digital Library | www.panjabdigilib.org

ਲੀਆ ਜਾਵੇ। ਅਖਾੜਾ ਬਾਹਰ ਫਿਰਨੇ ਵਾਲੀ ਜਮਾਤ ਦਾ ਨਾਮ ਹੈ ਔਰ ਅਖਾੜੇ ਦੇ ਬਾਹਰਲੇ ਤੇ ਮੁਕਾਨੀ ਮਹੰਤਾਂ ਦੀ ਤੀਨ ਬਰਸ ਪੀਛੇ ਹਮੇਸ਼ ਬਦਲੀ ਹੁੰਦੀ ਰਿਹਾ ਕਰੇ।

ਇਤਯਾਦੀ ਕਾਇਦਿਜਾਂ ਦੇ ਅਨੁਸਾਰ ਸਰਬ ਪ੍ਰਕਾਰ ਅਚਾਰ ਬਿਹਾਰ ਅਖਾੜੇ ਦਾ ਤਾਂ ਕਾਯਮ ਹੈ ਅੱਗੇ ਰਹੇਗਾ। ਪਰ ਮਦਦਗਾਰਾਂ ਦੀ ਤ੍ਰਫੋਂ ਜੋ ਬਿਨਾ ਸਮਝੇ ਸੋਚੇ ਕੁਛ ੨ ਫਰਕ ਹੈ ਸੋ ਭਰੋਸਾ ਹੈ ਕਿ ਇਸ ਪੋਥੀ ਦੇ ਪੜ੍ਹਨੇ ਵੀਚਾਰਨੇ ਸੇ ਓਹ ਧਰਮੀ ਸਿੰਘ ਆਪ ਹੀ ਏਸ ਅਖਾੜੇ ਦੀ ਸੇਵਾ ਨੂੰ ਅਪਣਾ ਧਰਮ ਸਮਝੇ ਇਤਯਾਦਿਕ ਕਾਇਦੇ ਤਾਂ ਏਸ ਪਰਮ ਧਰਮ ਦੇ ਕਾਯਮ ਰੱਖਣ ਤੇ ਚਲਾਉਣ ਵਾਸਤੇ ਸਰਬ ਪੰਥ ਖਾਲਸੇ ਤੇ ਰਾਜਜਾਂ ਨੇ ਥਾਪੇ ਸੇ ਤੇ ਇਕ ਦਸਤੂਰੁਲ ਅਮਲ ੯ ਦਫਾ ਵਾਲਾ ਰਾਜਾ ਸਰੂਪ ਸਿੰਘ ਬਹਾਦੁਰ ਨੇ ਅਪਣੇ ਦਸਤਖਤ ਮੁਹਿਰ ਲਾ ਕੇ ਭੇਜਜਾ ਸੀ ਓਹ ਭੀ ਉਪਰਲੇ ਕਾਇਦਜਾਂ ਦੇ ਅਵਾਂਤ੍ਰ ਹੀ ਹੈ। ਏਸੇ ਵਾਸਤੇ ਏਨਾਂ ਕਾਇਦਜਾਂ ਅਨੁਸਾਰ ਸਰਬ ਪ੍ਰਕਾਰ ਆਚਾਰ ਬਿਹਾਰ ਪੰਚਾਯਤੀ ਅਖਾੜੇ ਦਾ ਕਾਯਮ ਹੈ, ਚਲ ਰਹਾ ਹੈ। ਪਰ ਮਦਦਗਾਰਾਂ ਦੀ ਤਰਫੋਂ ਜੋ ਬਿਨਾ ਸਮਝੇ ਸੋਚੇ ਕੁਛ ੨ ਫਰਕ ਹੈ। ਸੋ ਭਰੋਸਾ ਹੈ ਕਿ ਏਸ ਪੋਥੀ ਦੇ ਪੜ੍ਹਨੇ ਵੀਚਾਰਨੇ ਸੇ ਓਹ ਧਰਮੀ ਸਿੰਘ ਆਪ ਹੀ ਏਸ ਅਖਾੜੇ ਦੀ ਸੇਵਾ ਨੂੰ ਅਪਣਾ ਪਰਮ ਧਰਮ ਸਮਝ ਕੇ ਮਨ ਤਨ ਧਨ ਕਰ ਕੇ ਏਸ ਦੇ ਮਦਦਗਾਰ ਬਨੇ ਰਹਿਨਗੇ ਤੇ ਏਸ ਦੀ ਸੇਵਾ ਮਦਦ ਕਰਨ। ਜੈਸਾ ਹੋਰ ਪੁੱਨਜ, ਧਰਮ ਭੀ ਕੋਈ ਨਹੀਂ ਕਾਹੇ ਤੈ ਹੋਰ ਸਬ ਲੋਗ ਪੂਜਾ ਲੈ ਕੇ ਆਪਣੇ ਵਿਸ਼ੇ ਭੋਗਣ ਮੇਂ ਯਾ ਕੁਟੰਬ ਦੇ ਬਿਹਾਰਾਂ ਵਿਚ ਖਰਚਦੇ ਹਨ। ਏਸ ਅਖਾੜੇ ਵਿਚ ਦੇਣ ਵਾਲੇ ਦਾ ਪੈਸਾ ਤੀਰਥਾਂ ਉੱਤੇ ਅਵਜਾਗਤਾਂ, ਸਾਧਾਂ ਸਿੱਖਾਂ ਦੇ ਮੂੰਹ ਪੈਂਦਾ ਹੈ। ਕਭੀ ਕਿਸੀ ਸ੍ਰੀ ਮਹੰਤ ਕੋ ਅਖਤਯਾਰ ਨਹੀਂ ਜੋ ਆਪਣੇ ਖਾਸ ਖਰਚ ਵਿਚ ਪੰਜ ਰੁਪਏ ਅਖਾੜੇ ਵਿੱਚੋਂ ਖਰਚੇ ਤੇ ਨਾਂ ਓਹ ਖਰਚਦੇ ਹਨ। ਇਕ ਪੈਸਾ ਭੀ



Digitized by Panjab Digital Library | www.panjabdigilib.org

ਆਵੇ ਤਾ ਸ਼ਾਹੂਕਾਰਾਂ ਦੀ ਤਰਾ ਤੀਨ ਬਹੀ ਮੈਂ ਜਮਾਂ ਖਰਚ ਲਿਖਾ ਜਾਤਾ ਹੈ। ਇਸ ਕਰਕੇ ਸੁਤੰਤ੍ਰ ਖਰਚਨੇ ਕੀ ਗੁੰਜਾਯਸ਼ ਕਿਸੀ ਕੋ ਨਹੀਂ। ਏਹ ਗਲ ਸੂਰਜ ਦੇ ਸਾਨਾਨ ਸਾਰੇ ਜਹਾਨ ਵਿਚ ਰੌਸ਼ਨ ਹੈ ਕੇ ਨਿਰਮਲ ਪੰਥ ਖਾਲਸੇ ਦੇ ਅਖਾੜੇ ਵਿਚ ਪੰਦ੍ਰਾ ੧੫ ਹਜ਼ਾਰ ਦੀ ਪੰਗਤਿ ਦੋ ਦੋ ਮਹੀਨੇ ਕੁੰਭ ਆਦਿਕ ਮੇਲਜਾਂ ਪਰਹੂ ਦੀ ਰਹਿੰਦੀ ਹੈ। ਭੋਜਨ ਭੀ ਚੰਗੇ ਤੋਂ ਚੰਗੇ ਰੋਜ਼ ਮਿਲਦੇ ਹਨ। ਏਹ ਅਖਾੜਾ ਕਾਇਮ ਹੋਣੇ ਦੇ ਵਕਤ ਫਕਤ ਸਵਾ ਲੱਖ ਰੁਪਯਾ ਨਕਦ ਜਮਾ ਹੋਯਾ ਸੀ ਜਿਸ ਦੇ ਬਿਹਾਰ ਬਿਪਾਰ ਔਰ ਪੰਥ ਦੀ ਮਦਦ ਮੁਹੱਬਤ ਨਾਲ ਏਸ ਅਖਾੜੇ ਦੇ ਮਹੰਤਾਂ ਨੇ ੪੫ ਮੇਲੇ ਤੀਰਥਾਂ ਪਰ ਕੀਤੇ ਹਨ। ਖਰਚ ਹਰ ਇਕ ਮੇਲੇ ਦਾ ਜੁਦਾ ਜੁਦਾ ਬਹੀ ਮੇਂ ਹੈ ਜੋ ਅੱਠ ਲੱਖ ਤੋਂ ਉਪਰ ੨ ਅਜ ਤੋਂ ਪਿਛੇ ਖਰਚ ਹੋ ਚੁਕਾ ਹੈ। ਏਹ ਸਬ ਪੰਥ ਦੀ ਸਹਾਇਤਾ ਔਰ "ਦੇਗ ਤੇਗ ਫਤੇ" ਦੇਗ ਦਾ ਪ੍ਰਤਾਪ ਹੈ। ਏਸੇ ਕਰ ਕੇ "ਦਿਨ ਦਿਨ ਚੜੇ ਸਵਾਇਆ"। ਏਹ ਬਚਨ ਗੁਰੂ ਕਾ ਸਫਲਾ ਹੋ ਰਿਹਾ ਹੈ।

ਹੁਣ ਅਸੀਂ ਨਿਰਪੱਖ ਪੁਰਖਾਂ ਨੂੰ ਨਿਸਚੇ ਕਰਾਉਣ ਵਾਸਤੇ ਪੱਖਪਾਤ ਛੱਡ ਕੇ ਸੱਚਾ ੨ ਓਹ ਹਵਾਲ ਸੰਛੇਪ ਤੇ ਦਿਖਾਉਨੇ ਹਾਂ ਜੇੜ੍ਹਾ ਸੰਬਾਦ ਨਿਰਮਲਜਾਂ ਨਾਲ ਨਿਹੰਗ ਸਿੰਘ ਕਰ ਰਹੇ ਹਨ। ਓਹ ਅਸਲ ਬਾਤ ਏਹ ਹੈ, ਜਦ ਤਕ ਨਿਰਮਲੇ ਬਿਰਕਤ ਬਣੇ ਰਹੇ ਅਖਾੜਾ ਨਹੀਂ ਬੰਧਜਾ ਤਦ ਤਕ ਕਿਸੇ ਨਿਹੰਗ ਯਾ ਗੁਰਦਵਾਰੀਏ ਪੁਜਾਰੀ ਨੇ ਕਦੀ ਕਿਸੇ ਪ੍ਰਕਾਰ ਦੀ ਰਹਿਤ ਦਾ ਨਾਮ ਨਹੀਂ ਲੀਤਾ ਸੀ। ਬਲਕੇ ਗ੍ਰੰਥ ਸਾਹਿਬ ਤੋਂ ਸੰਤਾਂ ਦੀ ਮਹਿਮਾ ਸੁਣਕੇ ਇਨਹੀ ਕੋ ਗੁਰੁ ਘਰ ਕੇ ਸੰਤ ਅੰਮ੍ਰਿਤੀਏ ਸਮਝ ਕੇ ਇਨ ਕਾ ਸੀਤ ਪ੍ਰਸਾਦ ਚਰਨ ਧੋ ਕੇ ਛਕਦੇ ਤੇ ਸ਼੍ਰਧਾ ਭਗਤੀ ਸਹਿਤ ਸਤਸੰਗਤ ਕਰਦੇ ਰਹਿੰਦੇ ਸੇ ਤੇ ਭਗਵੇ ਬਸਤ੍ਰ ਲੰਗੋਟੀਆਂ ਧਾਰੇ ਹੋਏ ਨਿਰਮਲੇ ਤਖਤਾਂ ਪਰ ਬੈਠ ਕੇ ਹਮੇਸ਼ ਕਥਾ ਬਾਰਤਾ ਸੁਣਾਉਂਦੇ। ਅਬ ਭੀ ਬਹੁਤ ਜਗਾ ਓਹੋ



Digitized by Panjab Digital Library | www.panjabdigilib.org

ਏਕਤਾ ਹੈ ਬਲਕੇ ਸੰਮਤ ੧੯੨੫, ੨੬ ਵਿਚ ਪੰਡਿਤ ਗੰਗਾ ਸਿੰਘ, ਔਰ ਸੰ: ੧੯੨੧/੨੨ ਵਿਚ ਰਾਮ ਸਿੰਘ ਜੀ ਤੇ ਸੰ: ੧੯੧੫/੧੬ ਵਿਚ ਰਣ ਸਿੰਘ ਜੀ ਤੇ ਐਸੇ ਹੀ ਹੋਰ ਅਨੇਕ ਨਿਰਮਲੇ ਸੰਤ ਖਾਸ ਸ੍ਰੀ ਅਬਚਲ ਨਗਰ ਸਾਹਿਬ ਤਖਤ ਪਰ ਬੈਠ ਕੇ ਕਥਾ ਸੁਣਾਂਉਦੇ ਰਹੇ ਹਨ। ਕਦੀ ਕੋਈ ਤਰਕ ਨਹੀਂ ਹੋਈ ਸੀ। ਇਸੇ ਲਈ ਹਜ਼ੂਰੀ ਆਦਿਕ ਸਬ ਗੁਰਦਵਾਰੀਏ ਸਿੰਘਾਂ ਦੀ ਮੇਲਜਾਂ ਵਿੱਚ ਇਕ ਹੀ ਪੰਗਤਿ ਤੇ ਸਭਾ ਅਖਾੜੇ ਵਿੱਚ ਹੁੰਦੀ ਰਹੀ ਹੈ ਔਰ ਸੰ: ੧੯੧੯ ਵਿਚ ਅਨੰਦਪੁਰ ਹੋਲੇ ਮੇਲੇ ਮੈਂ ਤੇ ਸੰ: ੧੯੨੧ ਮੈਂ ਸ੍ਰੀ ਅਮ੍ਰਿਤਸਰ ਦੀਪਮਾਲਾ ਨੂੰ ਤੇ ਸੰ: ੧੯੨੨ ਮੈਂ ਪਟਨੇ ਸਾਹਿਬ ਪੁਨਾ ਸੰਮਤ ੧੯੨੩ ਮੈਂ ਮੁਕਤਸਰ ਜੀ ਆਦਿਕ ਗੁਰੁਦਵਾਰਜਾਂ ਵਿਚ ਅਖਾੜੇ ਨੇ ਪਹੁੰਚ ਕੇ ਮੇਲੇ ਕੀਤੇ, ਪੰਥ ਨੂੰ ਭੰਡਾਰੇ ਦਿੱਤੇ ਔਰ ਤਖਤਾਂ ਦੀ ਤਰਫੋਂ ਪੁਜਾਰੀਆਂ ਨੇ ਅਖਾੜੇ ਨੂੰ ਭੰਡਾਰੇ ਕੀਤੇ। ਦੋਨੋ ਤਰਫਾਂ ਤੋ ਪੂਜਾ ਸਿਰੋਪਾਉ ਦੇਤੇ ਲੇਤੇ ਰਹੇ। ਅਖਾੜੇ ਦੀ ਰਹਿਤ ਪ੍ਰਵਾਨ ਹੋ ਕਰ ਅਰਦਾਸਾਂ ਹੁੰਦੀਆਂ ਰਹੀਆਂ। ਸੰ: ੧੯੨੯ ਤਕ ਨਿਰਮਲੇ ਨਿਹੰਗ ਹੋਰ ਸਬ ਸਿੰਘ ਪੌਣੇ ਦੋ ਸੌ ਬਰਸ ਸਭ ਦੀ ਇਕ ਸਭਾ ਬਣੀ ਰਹੀ ਤੇ ਆਪਸ ਵਿਚ ਘੀ ਖਿਚੜੀ ਬਣੇ ਰਹੇ। ਫੇਰ ਜਦ ਅਸੂ ਦੇ ਨਵਰਾਤ੍ਰੇ ਸੰ: ੧੯੩੦ ਨੂੰ ਅਖਾੜਾ ਸ੍ਰੀ ਅਬਚਲ ਸਾਹਿਬ ਗਯਾ ਤੇ ਢਾਈ ਤਿੰਨ ਸੋ ਕੋਸ ਬੁਰਹਾਨਪੁਰ ਤੋਂ ਹਜੂਰੀਏ ਬਿਸ਼ਨ ਸਿੰਘ, ਕੁਛਾਲ ਸਿੰਘ ਆਦਿਕ ਦਰਵਾਰ ਦੇ ਭੇਜੇ ਹੋਏ ਆ ਕੇ ਹੁਕਮਨਾਮੇ ਦੇਖਾਇ, ਅਖਾੜੇ ਨੂੰ ਲੈ ਗਏ ਤੇ ਤਿੰਨ ਕੋਸ ਅੱਗੇ ਸਬ ਸਿੰਘ ਦਰਬਾਰ ਦੇ ਨਗਾਰੇ ਨਿਸ਼ਾਨਾ ਸਾਥ ਅਖਾੜੇ ਨੂੰ ਆ ਮਿਲੇ, ਬੰਦੂਕਾਂ ਦੀ ਸ਼ਕਲ ਕਰਦੇ ਹੋਏ ਲੈ ਗਏ, ਬਡੀ ਖੁਸ਼ੀ ਨਾਲ ਉਤਾਰਾ ਦਿੱਤਾ। ਅਖਾੜੇ ਨੂੰ ਤਾਂ ਖਬਰ ਨਹੀਂ ਸੀ ਜੋ ਓਥੇ ਦੋ ਧੜੇ ਪਹਿਲੇ ਬਣੇ ਹੋਏ ਸੇ, ਜੈਸੇ ਹੁਣ ਭੀ ਹੈ। ਓਦੋਂ ਨਫੈਣ ਸਿੰਘ ਪੁਜਾਰੀ, ਹਰਸਾ ਸਿੰਘ ਲਾਂਗਰੀ, ਸਰੂਪ ਸਿੰਘ ਟੁੰਡਾ, ਕਰਤਾਰ ਸਿੰਘ



Digitized by Panjab Digital Library | www.panjabdigilib.org

ਕੂਕਾ, ਸਾਹਿਬ ਸਿੰਘ ਆਦਿਕ ਜੋ ਏਕ ਧੜੇ ਵਾਲੇ ਸੇ, ਓਨ੍ਹਾਂ ਨੇ ਦੂਸਰੇ ਧੜੇ ਵਾਲੇ ਦੇਵਾ ਸਿੰਘ ਪੁਜਾਰੀ, ਹਰੀ ਸਿੰਘ ਸੁਖਈ, ਤਾਰਾ ਸਿੰਘ ਚੋਪਦਾਰ, ਨਾਨੂ ਸਿੰਘ ਗ੍ਰੰਥੀ ਆਦਿਕਾਂ ਦੇ ਜ਼ੁਮੇ ਝੂਠ ਮੂਠ ਰਿਸ਼ਵਤ ਦੀ ਤੁਹਮਤ ਦੇ ਕੇ ਰੌਲਾ ਪਾ ਦਿੱਤਾ। ਓਨਾ ਦੀ ਆਪਸ ਵਿਚ ਪਹਿਲੇ ਹੀ ਦੁਸ਼ਮਨੀ ਸੀ। ਫੇਰ ਬਹੁਤ ਖਟਾ ਪਟੀ ਪੈ ਗਈ। ਓਸੇ ਖਟਪਟੀ ਵਿਚ ਪੰਚਾਇਤੀ ਅਖਾੜੇ ਦੇ ਉਦਾਸੀ ਸੰਤਾਂ ਮਹੰਤਾਂ ਨੇ ਓਹ ਬਦਲਾ ਜੋ ਓਨ੍ਹਾਂ ਪਰ ਸੰ: ੧੯੨੯ ਵਿਚ ਗੋਦਾਵਰੀ ਗੰਗਾ ਦੇ ਮੇਲੇ ਕੁੰਭ ਪਰ ਤੀਰਥ ਦੀਆਂ ਪੌੜੀਆਂ ਉੱਤੇ ਖੜੇ ਹੋਣ ਬਦਲੇ ਬੜਾ ਭਾਰੀ ਝਗੜਾ ਹੋ ਕਰ ਨਿਰਮਲਜਾਂ ਨੂੰ ਸਰਕਾਰ ਨੇ ਜਗਾ ਦੇ ਦਿਤੀ ਸੀ। ਉਦਾਸੀ ਅਖਾੜਬੰਦ ਹਾਰ ਗਏ ਸੋ ਓਹ ਗੁੱਸਾ ਕੱਢਣ ਵਾਸਤੇ ਓਨ੍ਹਾਂ ਨੇ ਅਨੇਕ ਪ੍ਰਕਾਰ ਦੇ ਚੂਹੇ ਛੱਡ ਕੇ ਨਿਹੰਗਾਂ ਸਿੰਘਾਂ ਨੂੰ ਜੋੜੇ ਭੰਗ ਦੇ ਲੋਰਾਂ ਵਿੱਚ ਪਹਿਲੇ ਹੀ ਪੌਣ ਦੇ ਘੋੜੇ ਦੁੜਾ ਰਹੇ ਸੇ ਟਪਾਇ ਕੇ ਅਸਮਾਨ ਵਿਚ ਚੜ੍ਹਾਇ ਦਿੱਤਾ, ਕਯੋਂਕਿ "ਧਨ ਅਰ ਭੂਮਿ ਪੁਰਾਤਨ ਬੈਰਾ।" ਏਸ ਕਰਕੇ ਨਿਹੰਗਾਂ ਸਿੰਘਾਂ ਨੂੰ ਮਤਸਰ ਜਾਗ ਆਈ ਔਰ ਨਿਰਮਲ ਪੰਥ ਖਾਲਸੇ ਦਾ ਅਖਾੜਾ ਜੋ ਉਦਾਸੀਆਂ ਦੇ ਬਰਾਬਰ ਪੁਜਾਰੀ ਬਣ ਰਿਹਾ ਹੈ। "ਸਿਲੇਹਾਰ ਕੂੰ ਸਿਲੇਹਾਰ ਨਹੀਂ ਭਾਂਉਦੀ" ਏਹ ਭੀ ਤੇ ਓਸ ਝਗੜੇ ਤੋ ਹਾਰ ਜਾਣ ਦੇ ਗੁੱਸੇ ਵਿਚ ਆ ਕੇ ਅਖਾੜੇ ਵਾਲੇ ਉਦਾਸੀਆਂ ਨੇ ਨਿਹੰਗਾਂ ਸਿੰਘਾਂ ਨੂੰ ਭੁਖਾ ਦਿਤਾ ਸੋ ਕੁਛ ਓਨਾਦੇ ਸਿਖਾਉਣ ਨਾਲ ਤੇ ਕੁਛ ਲੋਭ ਦੀ ਲਹਿਰ ਵਿਚ ਆ ਕੇ ਇਕ ੨ ਪੁਜਾਰੀ ਤੇ ਖੜਪੇਂਚ ਬਿਹੰਗਮ ਜੁਦੇ ੨ ਇਤਨੀ ੨ ਵੱਡੀ ਅਖਾੜੇ ਤੋ ਮੰਗਦੇ ਸੇ ਜੋ ਕੋਈ ਬਾਦਸ਼ਾਹੀ ਖਜ਼ਾਨੇ ਵਾਲਾ ਭੀ ਨਾ ਦੇ ਸਕੇ, ਨਿਰਮਲੇ ਹੱਥ ਜੋੜ ਕੇ ਰੋਜ ਦਰਬਾਰ ਅੱਗੇ ਖੜੇ ਹੁੰਦੇ, ਓਹ ਰੋਜ ਏਹੋ ਲਾਂਰਾ ਦਿੰਦੇ, ਕਲ ਨੂੰ ਦਰਸ਼ਨ ਅਰਦਾਸੇ ਹੋਣਗੇ। ਪਰ ਇਕ ਤਾਂ ਓਹ ਰਿਸ਼ਵਤ ਮਿਲਣ ਦੀ ਉਮੈਦ ਵਿਚ ਰਹੇ। ਦੂਸਰੇ ਆਪਸ ਵਿਚ



Digitized by Panjab Digital Library | www.panjabdigilib.org

ਦੋਹਾਂ ਧੜਿਆਂ ਦੀ ਇਕ ਸਲਾਹ ਨਾ ਹੋਦੀ। ਏਸੇ ਤਰਾਂ ੨੧ ਮਹੀਨੇ ਗੁਜ਼ਰ ਗਏ। ਕਈ ਵਾਰੀ ਅਖਾੜੇ ਵਾਲੇ ਉਂਟ ਲੱਦ ਕੇ ਤੱਯਾਰ ਹੋ ਪਏ, ਪਰ ਓਹ ਮੋੜ ਕੇ ਲੈ ਜਾਂਦੇ ਰਹੇ, ਤੁਰਨ ਭੀ ਨਾਂ ਦੇਣ ਤੇ ਅਰਦਾਸ ਭੀ ਨਾ ਕਰਣ। ਸਜਾਣੇ ੨ ਲੋਗ ਆਖ ਭੀ ਰਹੇ ਕੇ ਏਨਾਂ ਦੱਖਣੀਆਂ ਦੇ ਦਿਲ ਵਿਚ ਦਗਾ ਹੈ। ਏਹ ਸੁਣ ਕੇ ਭੀ ਨਿਰਮਲੇ ਸਾਧੂ ਓਥੇ ਬਣੇ ਹੀ ਰਹੇ।

ਅੰਤ ਨੂੰ ਇਕ ਦਿਨ ਖੁਸ਼ਾਲ ਸਿੰਘ ਕਾਰਵਾਰੀ, ਤਾਰਾ ਸਿੰਘ ਚੋਬਦਾਰ, ਹਰੀ ਸਿੰਘ ਸੁਖਈ, ਮਹੰਤ ਬਡੇ ਪੁਜਾਰੀ ਦੇਵਾ ਸਿੰਘ ਦਾ ਚਾਟੜਾ ਰਾਮ ਸਿੰਘ, ਬਿਸ਼ਨ ਸਿੰਘ ਆਦਿਕ ਪੰਦ੍ਰਾਂ ਬੀਸ, ਹਜੂਰੀਏ ਸਿੰਘ ਚਾਰ ਬਜੇ ਸਵੇਰੇ ਆ ਕੇ ਜੇਠ ਵਦੀ ੫ ਸੰਮਤ ੧੯੩੨ ਨੂੰ ਦਰਸ਼ਨ ਅਰਦਾਸ ਕਰਾਉਣ ਲਈ ਅਖਾੜੀਆਂ ਨੂੰ ਲੈ ਗਏ। ੧੮ ਸਾਧੂ ਗਏ ੫ ਪੰਜ ਡੇਰੇ ਰਹੇ। ਜਦ ਅਰਦਾਸ ਕਰਨ ਨੂੰ ਅਰਦਾਸੀਆ ਖੜਾ ਹੋਯਾ ਤਾਂ ਦੂਸਰੇ ਧੜੇ ਵਾਲੇ ਨਰੈਣ ਸਿੰਘ ਆਦਿਕ ੫੦ ਆਦਮੀ ਸ਼ਸਤ੍ਰ ਲੈ ਕੇ ਆ ਗਏ, ਦੋਹਾਂ ਧੜਿਆਂ ਦੇ ਨਿਹੰਗ ਸਿੰਘ ਆਪਸ ਵਿਚ ਗਾਲੋ ਗਾਲ਼ੀ ਪੱਗੋ ਹੱਥੀ ਹੋ ਪਏ। ਕੂਕੇ ਕਰਤਾਰ ਸਿੰਘ ਨੇ ਬਡੀ ਧੌਂਸ ਖੜਕਾ ਦਿੱਤੀ ਜਿਸ ਨੂੰ ਸੁਣ ਕੇ ਹਜ਼ਾਰ ਬਾਰਾਂ ਸੌ ਸ਼ਸਤ੍ਰੀ ਇਕੱਠਾ ਹੋ ਗਯਾ। ਪਹਿਰੇ ਵਾਲ਼ੇ ਇਕ ਸਿਪਾਹੀ ਨੂੰ ਮਾਰ ਦਿੱਤਾ ਬਾਕੀ ਸਿਪਾਹੀ ਭੱਜ ਗਏ। ਸੱਤ ਸਾਧੂ ਬਹੁਤ ਫੱਟੇ ਬਾਕੀ ਸਬ ਨੂੰ ਸਟਾਂ ਲੱਗੀਆਂ ਤਦ ਤਕ ਪੁਲਿਸ ਆ ਗਈ। ਮੁਕੱਦਮਾ ਹੋ ਕੇ ੬ ਸਿੰਘ ਸ਼ਸਤ੍ਰ ਮਾਰਨ ਵਾਲੇ ਦੋ ਦੋ ਮਹੀਨੇ ਕੈਦ ਹੋਏ। ਸਾਧ ਬਰੀ ਹੋ ਕੇ ਪੰਜਾਬ ਨੂੰ ਆ ਗਏ। ਮਹੰਤ ਗੁਲਾਬ ਸਿੰਘ ਮਹੰਤ ਖੀਉਣ ਸਿੰਘ, ਕਾਰਵਾਰੀ ਰਾਇ ਸਿੰਘ, ਗ੍ਰੰਥੀ ਕਾਨ ਸਿੰਘ, ਭੰਡਾਰੀ ਸੇਵਾ ਸਿੰਘ, ਨਰੈਣ ਸਿੰਘ, ਸੂਬਾ ਸਿੰਘ ਆਦਿਕ ੧੧ ਸੰਤ ਅਖਾੜੇ ਦੇ ਓਥੇ ਪ੍ਰਲੋਕ ਪਧਾਰੇ। ਅਸਲ ਸਹੀ ੨ ਬ੍ਰਿਤਾਂਤ ਤਾਂ ਏਤਨਾ ਹੋਯਾ ਹੈ।—ਹੋਰ ਜੋ ਸਾਧਾਂ ਦੇ ਚਲੇ ਆਵਣ ਤੋਂ ਪਿਛੋਂ ਲੜਾਕੇ ਧੜੇ ਨੇ



Digitized by Panjab Digital Library | www.panjabdigilib.org

ਅਪਣੇ ਪਾਪ ਵੰਡਣ ਵਾਸਤੇ, ਸੱਚੇ ਹੋਣ ਲਈ ਪੰਜਾਬ ਵਿਚ ਚਿੱਠੀਆਂ ਲਿਖ ਭੇਜੀਆਂ। ਸੋ ਸਬ ਬਾਦ ਬਿਬਾਦ ਤੇ ਫਸਾਦ ਦੇ ਨਿਸ਼ਾਨ ਸਨ।—ਜਿੱਥੇ ਇਕ ਹਿੰਦੂ ਭੀ ਸਾਧਾ ਨੇ ਨੌਕਰ ਨਹੀਂ ਰੱਖਜਾ। ਓਥੇ ਪੰਜ ਸੌ ਤੁਰਕ ਓਨ੍ਹਾਂ ਨੇ ਲਿਖਜਾ। ਜਿਥੇ ਛਟੀ ਭੀ ਨਹੀਂ ਮਾਰੀ ਓਥੇ ਪਚਾਸ ਸਾਠ ਖੂਨ ਕੀਤੇ ਲਿਖੇ। ਜਿਥੇ ਸਾਧਾਂ ਨੇ ਕੌਡੀ ਭੀ ਨਹੀਂ ਚੁੱਕੀ ਓਥੇ ਖਜਾਨਾ ਲੁਟਜਾ ਲਿਖ ਦਿੱਤਾ। ਜੇ ਪਹਰ ਦਰਬਾਰ ਬੰਦ ਰਿਹਾ ਤਾਂ ਦੋ ਮਹੀਨੇ ਲਿਖ ਦਿੱਤਾ।—ਓਨ੍ਹਾਂ ਨੂੰ ਕੀ ਦੋਸ਼ ਹੈ ਜੇੜੇ ਬਿਨਾ ਮਤਲਬ ਸਵਾ ਲਾਖ ਗੁਣਾ ਝੂਠ ਹਰ ਵਕਤ ਬੋਲਦੇ ਰਹਿੰਦੇ ਹਨ। ਓਨ੍ਹਾਂ ਦਾ ਕਰੋੜ ਗੁਣਾ ਕੂੜ ਲਿਖਣਾ ਭੀ ਓਨਾਨੂੰ ਸਰਮਿੰਦਾ ਨਹੀਂ ਕਰਦਾ।

ਪਰ ਪੰਜਾਬੀ ਪੁਜਾਰੀ ਸਿੰਘਾਂ ਉਤੇ ਭਾਰੀ ਅਫਸੋਸ ਹੈ। ਜਿਨ੍ਹਾਂ ਨੇ ਮੁਹਰੀ ਚਿੱਠੀ ਭੀ ਨਾਂ ਦੇਖੀ ਤੇ ਬਿਨਾ ਸੋਚੇ ਸਮਝੇ ਅੰਧਾ ਧੁੰਧ ਵਿਚ ਅਖੀਆਂ ਮੀਟ ਕੇ ਅਰਦਾਸਾਂ ਕਰ ਦਿੱਤੀਆਂ ਕਿ ਨਿਰਮਲਜਾਂ ਸਾਥ ਬਰਤਣਾ ਨਹੀਂ, ਸੱਚ ਹੈ ਜੇ ਐਸਾ ਨਾਂ ਕਰਦੇ ਤਾਂ ਸਿੱਖਾ ਸ਼ਾਹੀ ਬਾਤ ਅੱਨਜਾਇ ਦੀ ਸ਼ਾਖ ਕਜੋਂ ਰਹਿੰਦੀ। ਏਸੇ ਤਰਾਂ ਸੰ: ੧੯੨੪ ਵਿਚ ਨਾਮਧਾਰੀ ਸਿੰਘਾਂ ਦੀ ਅਰਦਾਸ ਹੋਈ ਸੀ, ਪੰਥ ਖਾਲਸੇ ਦੇ ਏਹੋ ਜੇਹੇ ਜਾਹਲ ਭੰਗੇਰੇ ਅਗਵਾਨੀਆਂ ਦੇ ਪ੍ਰਤਾਪ ਨਾਲ ਹੀ ਸੰਮਤ ੧੯੦੭ ਨੂੰ ਮਰਦਮ ਸ਼ੁਮਾਰੀ ਵਿਚ ਜੋ ਅਠਤਾਲੀ ਲੱਖ ਸਿੰਘ ਸੀ, ਓਸ ਵਿਚੋਂ ਹੁਣ ਅੱਧਾ ਰਹ ਗਿਆ ਹੈ—ਜੇਕਰ ਏਨ੍ਹਾਂ ਹੀ ਮੁਖੀਆਂ ਦੇ ਪਿੱਛੇ ਖਾਲਸਾ ਲੱਗਜਾ ਰਹੂ ਤਾਂ ਏਹ ਲੋਗ ਹੋਰ ਪਚਾਸਕ ਸਾਲ ਤਾਂਈ ਪੂਰੇ ਦਰਜੇ ਨੂੰ ਪਹੁੰਚਾ ਛੱਡਣਗੇ।

ਤਾਂਤੇ ਅਬ ਸਰਬ ਪੰਥ ਖਾਲਸੇ ਅੱਗੇ ਮੇਰੀ ਬੇਨਤੀ ਹੈ ਜੋ ਇਲਮ, ਇਤਫਾਕ, ਉਦਾਰਤਾ, ਕੌਮੀ ਪੱਖ ਏਹ ਚਾਰੋਂ ਮਜ਼ਬ, ਧਰਮ ਤਖਤ ਦੇ ਪਾਏ ਹੈਂ। ਏਨ੍ਹਾਂ ਦੇ ਕਾਯਮ ਰਖਨੇ ਸੈਂ ਪੰਥ ਦੀ ਉੱਨਤੀ, ਧਰਮ, ਅਰਥ,



Digitized by Panjab Digital Library | www.panjabdigilib.org

ਕਾਮ ਮੋਖ ਦੀ ਪ੍ਰਾਪਤੀ ਹੁੰਦੀ ਹੈ। ਕੇਸਾਧਾਰੀ ਅੰਮ੍ਰਿਤੀਏ ਸਿੰਘ ਨਾਮ ਦੀ ਆਸ਼ਾ, ਇਸ਼ਟ, ਉਪਾਸਨਾ ਮੇਂ ਏਕਤਾ ਇਤਫਾਕ ਸਦਾ ਹੀ ਰਹਿ ਸਕਦਾ ਹੈ। ਖਾਨ ਪਹਿਰਾਨ ਵਿਚ ਏਕਤਾ ਕਿਸੇ ਪ੍ਰਕਾਰ ਨਹੀਂ ਹੋ ਸਕਦੀ ਤੇ ਨਾ ਕਦੀ ਕਿਸੇ ਦੀ ਹੋਈ ਹੈ। ਦੇਖੋ ਈਸਾਈ ਮੁਹੰਮਦੀ ਹੋਰ ਸਚਾ ਦੇ ਸਬਨਾਂ ਪ੍ਰਕਾਰਾਂ ਵਿਚ ਏਕਤਾ ਰੱਖਦੇ ਹਨ। ਪਹਿਰਾਵੇ ਮੈਂ ਏਕਤਾ ਨਹੀਂ ਤੇ ਨਾਂ ਹੀ ਪੁਸ਼ਾਕੀ ਦੇ ਰੰਗ ਢੰਗ ਵਿਚ ਕਿਸੇ ਨੂੰ ਤਰਕ ਕਰਦੇ ਹਨ। ਏਸੇ ਵਾਸਤੇ ਏਹ ਦੋਵੇਂ ਮਜ਼ਬ ਅਤੀ ਬ੍ਰਿੱਧ ਹੋ ਰਹੇ ਹੈਂ। ਏਧਰ ਪੰਥ ਖਾਲਸੇ ਕੋ ਭੀ ਜੇਕਰ ਵਾਹਿਗੁਰੂ ਬੁੱਧੀ ਬਖਸ਼ੇ ਤਾਂ ਏਹ ਭੀ ਚਾਰੋ ਬਰਣਾਂ ਦੀ ਤਰਾਂ ਅਪਣੇ ਸੋਢ ਬੰਸ ਸਿੰਘ ਬਰਣ ਵਿਚ ਹੀ ਰੋਟੀ ਬੇਟੀ ਦੀ ਸਾਂਝ ਕਰ ਲੈਣ ਤਾਂ ਏਸ ਪੰਥ ਦੀ ਉੱਨਤੀ ਮੁਹੰਮਦੀ, ਬੀਸਾਈਆਂ ਨਾਲੋਂ ਭੀ ਅਧਿਕ ਹੋ ਸਕਦੀ ਹੈ। ਕਯੋਂਕਿ ਏਸ ਮਜ਼ਬ ਦੇ ਕਾਇਦੇ ਹੋਰ ਸਭਨਾ ਮਜ਼ਬਾ ਨਾਲੋਂ ਹਰ ਏਕ ਤੌਰ ਸੇ ਚੰਗੇ ਹਨ। ਸਿਰਫ ਰੋਟੀ ਬੇਟੀ ਦੀ ਸਾਂਝ ਨਾ ਹੋਣੇ ਕਰ ਕੇ ਹੀ ਏਹ ਮਜ਼ਬ ਘਟਦਾ ਜਾਂਦਾ ਹੈ। ਜੇਕਰ ਏਹ ਬਾਤ ਹੋ ਜਾਵੇ ਤਾਂ ਉਮੇਦ ਹੈ ਕੇ ਬੇਸ਼ੁਮਾਰ ਹਿੰਦੂ ਚਾਰੋਂ ਬਰਣਾ ਦੇ ਜੋ ਪੜੇ ਹੋਏ ਹੈਂ ਓਹ ਤਾਂ ਸਬ ਬਿਨਾ ਦੇਰੀ ਸਿੰਘ ਸਜ ਜਾਵੇ ਤੇ ਆਗੇ ਕੋ ਸਜਤੇ ਰਹੇਂ ॥ ਇਤਿ ॥

### ਚੌਪਈ

ਮਾਲਵ ਦੇਸ਼ ਨਗਰ ਬਰਨਾਲੇ। ਮਮ ਗੁਰੂਦਵਾਰਾ ਆਹਿ ਬਿਸਾਲੇ।
ਰੂਪ ਅਨੰਤ ਮਹੰਤ ਬਿਸਾਲੂ। ਸਤਗੁਰ ਬੀਰ ਮ੍ਰਿਗੇਸ਼ ਦਯਾਲੂ।
ਰਾਜ ਜੋਗ ਮਾਣਯੋ ਜਿਨ ਸਾਰੇ। ਹਮ ਸੇ ਜੀਵ ਬੇਅੰਤ ਉਧਾਰੇ।
ਅਬਨਿਹਾਲਸਿੰਘ ਤਿਸ ਗਾਦੀ ਪਰ। ਲਘੁ ਨਾਰਾਯਣ ਹਰਿ ਮਹੰਤ ਵਰ।
ਹੈ ਅਤਿ ਉੱਤਮ ਸਦਗੁਣ ਖਾਨੀ। ਦੂਤੀ ਗੁਰੂ ਮਮ ਬਿੱਦਯਾ ਦਾਨੀ।
ਸ੍ਰੀ ਮਹੰਤ ਨਖੱਤ੍ਰ ਮ੍ਰਿਗੇਸੈਂ। ਪੰਥ ਖਾਲਸਾ ਔਰ ਅਸੇਸੈਂ।
ਸਬ ਕੋ ਮੈਂ ਨਿਜ ਪ੍ਰਭੁ ਨਿਹਰਕੈ। ਬਾਰ ਬਾਰ ਅਭਿ ਬੰਦਨ ਕਰਕੈ।
ਨਿਰਮਲ ਪੰਥ ਪ੍ਰਦੀਪਕਾ ਚਾਰੂ। ਗ੍ਰੰਥ ਆਜ ਕਿਯ ਇਤੀ ਉਦਾਰੂ।



Digitized by Panjab Digital Library | www.panjabdigilib.org

## ਦੋਹਰਾ

ਪੂਰਨ ਪੁਰ ਪੂਰਨ ਫਗਣ ਪੂਰਨ ਪੁਸਤਕ ਕੀਨ।
ਪੜੈ ਵਿਚਾਰੈ ਜੋਉਜਨ ਜੁਗ ਬਿਧ ਭਵੈ ਪ੍ਰਬੀਨ।੧॥
ਉੱਨੀ ਸੈ ਅਠਤਾਲੀ ਏ ਖਿਰ ਬਾਬੇ ਦੀ ਬੇਰਿ।
ਆਯਨ ਰਾਵਣ ਭੁਜਾ ਸ਼ਰੁਤਿ ਗੁਰੂ ਸਾਲ ਲੇਹੁ ਹੇਰ।੨॥
॥ ਸੰਪੂਰਨ ॥

---

## ਅੰਤਕਾ

ਨਿਰਮਲ ਗ੍ਰੰਥਾਵਲੀ ਦੀ ਇਹ ਪਹਿਲੀ ਪੁਸਤਕ 'ਨਿਰਮਲ-ਪੰਥ-ਪ੍ਰਦੀਪਕਾ' ਸ੍ਰੀ ਪ੍ਰਸਿਧ ਵਿਦ੍ਵਾਨ ਤੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੀ ਅਮਰ ਰਚਨਾ ਹੈ। ਜਿਸ ਵਿਚ ਨਿਰਮਲ ਪੰਥ ਸਬੰਧੀ ਸਚੀ ਸਹੀ ਤੇ ਇਤਿਹਾਸਕ ਖੋਜ ਦਰਸਾਈ ਗਈ ਹੈ। ਮੈਨੂੰ ਖੁਸ਼ੀ ਹੈ ਕਿ ਨਿਰਮਲ ਅਖਾੜਾ ਕਨਖਲ ਤੇ ਨਿਰਮਲ ਸੰਪ੍ਰਦਾ ਦੇ ਸ੍ਰੀ ਮਹੰਤ ਸੁਚਾ ਸਿੰਘ ਜੀ ਦੀ ਉਦਾਰਤਾ ਸਖਾਵਤ ਤੇ ਪੰਥਕ ਪਿਆਰ ਕਰਕੇ ਇਸ ਪੁਸਤਕ ਦਾ ਪੁਨਰ ਪ੍ਰਕਾਸ਼ਨ ਹੋਇਆ ਹੈ। ਨਹੀਂ ਤੇ ਕਾਲ ਦੇ ਕ੍ਰਾਲ ਚਕ੍ਰ ਨੇ ਪਤਾ ਨਹੀਂ ਇਸ ਨੂੰ ਕਿਸ ਖੋਹ ਖਾਤੇ ਸਦਾ ਲਈ ਸੁਟ ਪਾਣਾ ਸੀ। ਕਿਉਂਕਿ ਇਸ ਦੀ ਪਹਿਲੀ ਐਡੀਸ਼ਨ ੧੯੪੮ ਬਿ: ਵਿਚ ਛਪੀ ਸੀ ਦੁਬਾਰਾ ਇਸ ਵਲ ਕਿਸੇ ਦਾ ਧਿਆਨ ਹੀ ਅਕ੍ਰਸਤ ਨਹੀਂ ਹੋਇਆ। ਹੋਵੇ ਵੀ ਕਿਵੇਂ ? ਕਿਉਂਕਿ ਮੈਂ ਜਦ ਇਸ ਪੁਸਤਕ ਦਾ ਸੰਪਾਦਨ ਕਰ ਰਿਹਾ ਸਾਂ ਤਦ ਕੁਝ ਗਰਮ ਖਿਆਲੀ ਨਾਮਧਾਰੀਕ ਵਿਤੰਡਾ ਵਾਦੀ ਸਜਨਾਂ ਨੇ ਇਤਿਰਾਜ ਕੀਤਾ ਸੀ ਕਿ ਸ੍ਰੀ ਗਿਆਨੀ ਜੀ ਨੇ ਮੁਖ ਰੂਪ ਨਿਰਮਲ ਪੰਥ ਨੂੰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਨਿਵਾਜਿਆ ਦਰਸਾਇਆ



Digitized by Panjab Digital Library | www.panjabdigilib.org

ਹੈ ਬਾਕੀ ਸਭੇ ਗੌਣ ਹੀ ਦਸੇ ਹਨ। ਇਹ ਠੀਕ ਨਹੀਂ ਤੁਸੀਂ ਇਸ ਤੇ ਕੁਝ ਨਾ ਕੁਝ ਜ਼ਰੂਰ ਰੋਸ਼ਨੀ ਪਾ ਕੇ ਅਸਲੀ ਚੀਜ਼ ਜਾਹਰ ਕਰਨੀ।

ਮੈਂ ਅਰਜ਼ ਕੀਤਾ ਸੀ ਕਿ ਮੈਨੂੰ ਇਹ ਕੋਈ ਅਧਿਕਾਰ ਨਹੀਂ ਕਿ ਕਿਸੇ ਦੇ ਪ੍ਰਚੱਲਤ ਵਿਚਾਰਾਂ ਤੇ ਕਿੰਤੂ ਕਰਾਂ। ਮੇਰੀ ਰੀਝ ਤੇ ਕੇਵਲ ਤੇ ਕੇਵਲ ਇਹੀ ਹੈ ਕਿ ਇਹ ਪੁਰਾਤਨ ਸਾਹਿੱਤ ਨਵੀਨ ਕਲੇਵਰ ਵਧ ਹੋ ਕੇ ਭਾਰਤੀ ਜਨਤਾ ਤੇ ਸਿਖ ਸੰਸਾਰ ਦੇ ਸੋਹੇਂ ਆਵੇ। ਅਸਲੀਯਤ ਕੀ ਹੈ ਕੀ ਨਹੀਂ, ਇਹ ਵਿਚਾਰ ਕਰਨਾ ਖੋਜੀਆਂ ਤੇ ਵਿਦਵਾਨਾਂ ਦਾ ਕੰਮ ਹੈ। ਮੈਂ ਤੇ ਸਮਝਦਾ ਹਾਂ ਕਿ ਗਿਆਨੀ ਜੀ ਇਕ ਅਜਿਹਾ ਕੰਮ ਕਰ ਗਏ ਜੋ ਐਨ ਸਹੀ ਢੁਕਵਾਂ ਫਬਵਾਂ ਤੇ ਸਮੇਂ ਦੇ ਅਸਲੋਂ ਅਨੁਕੂਲ ਹੈ। ਜੇ ਸਾਰੇ ਸਿਖ ਸੰਪ੍ਰਦਾਵਾਂ ਦੇ ਵਿਦਵਾਨ ਆਪੋ ਆਪਣੀ ਸੰਪ੍ਰਦਾ ਦੀ ਪੂਰੀ ਪੂਰੀ ਵਾਕਫੀਯਤ ਆਪ ਹੀ ਕਰਾ ਦੇਂਦੇ ਤਦ ਸਿਖ ਇਤਿਹਾਸ ਪੂਰਨ ਤੌਰ ਤੇ ਮੁਕੰਮਲ ਤੇ ਸੰਪੂਰਨ ਹੋ ਸਕਦਾ ਸੀ। ਬੇੜੀਆਂ ਸਭੇ ਬੇੜੀਆਂ ਹਨ। ਜਿਸ ਉਤੇ ਯਾਤ੍ਰੀ ਸਵਾਰ ਹੋ ਜਾਵੇ ਉਹ ਸ਼ਹੁ ਸਾਗਰ ਤੋਂ ਪਾਰ ਕਰ ਸਕਦੀ ਹੈ ਅਤੇ ਬੰਦਾ ਆਪਣੀ ਮੰਜ਼ਲ ਤੇ ਨਿਰਵਿਘਨ ਪੁਜ ਜਾਂਦਾ ਹੈ। ਕਿਹੜੀ ਬੇੜੀ ਪਹਿਲਾਂ ਬਣੀ ਕਿਹੜੀ ਪਿਛੋਂ ਇਸ ਸੋਚ ਵਿਚ ਵਕਤ ਗੁਆਣ ਦਾ ਕੀ ਭਾਵ ? ਮਤਲਬ ਅੰਬ ਖਾਣ ਨਾਲ ਹੈ ਨਾ ਕਿ ਬੂਟੇ ਗਿਣਨ ਨਾਲ।

ਨਿਰਮਲ ਪੰਥ ਸਬੰਧੀ ਜੋ ਕੁਝ ਵੀ ਅਜ ਤੀਕ ਲਿਖਿਆ ਗਿਆ ਹੈ ਉਨ੍ਹਾਂ ਸਭਨਾ ਦਾ ਮੂਲਾਧਾਰ ਇਹ ਪੁਸਤਕ 'ਨਿਰਮਲ-ਪੰਥ-ਪ੍ਰਦੀਪਕਾ' ਹੀ ਹੈ। ਇਸ ਦੀ ਮਦਦ ਨਾਲ ਹੀ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ, ਮਹੰਤ ਦਿਆਲ ਸਿੰਘ ਜੀ ਲਾਹੌਰ, ਸ੍ਰੀ ਅਰਜਨ ਸਿੰਘ ਜੀ ਮੁਨੀ ਆਦਿ ਨੇ ਲਿਖਿਆ ਹੈ ਅਤੇ ਅਗੋਂ ਵੀ ਇਹ ਇੰਝ ਹੀ ਸਦਾ ਸਾਡਾ ਸਾਹਿਤਕ ਤੇ ਇਤਿਹਾਸਕ ਪਥ ਪ੍ਰਦਰਸ਼ਨ ਕਰਦੀ ਰਹੇਗੀ।

ਮੈਨੂੰ ਖੁਸ਼ੀ ਹੈ ਕਿ ਮਹੰਤ ਠਾਕਰ ਆਤਮਾ ਸਿੰਘ ਜੀ ਸਹਿਨਸ਼ਾਹ



Digitized by Panjab Digital Library | www.panjabdigilib.org

ਸ੍ਰੀ ਸਤਿਗੁਰੂ ਨਾਨਕ ਆਸ਼੍ਰਮ ਹਰਿਦੁਆਰ ਵਾਲਿਆਂ ਇਸ ਦੀਆਂ ੨੫ ਪ੍ਰਤੀਆਂ ਲੈਣ ਦੀ ਇਛਾ ਜਾਹਰ ਕੀਤੀ ਸੀ। ਜੇ ਬਾਕੀ ਸੰਤ ਮਹੰਤ ਵੀ ਇਸੇ ਤਰ੍ਹਾਂ ਪੁਸਤਕ ਪ੍ਰਚਾਰ ਅਰਥ ਲੈ ਲੈਣ, ਤਦ ਇਸ ਨਿਰਮਲ ਗ੍ਰੰਥਾਵਲੀ ਦੀ ਦੂਜੀ ਪੁਸਤਕ ਜਲਦੀ ਹੀ ਤਿਆਰ ਕੀਤੀ ਜਾ ਸਕੇਗੀ।

ਮੈਂ ਇਸ ਦੀ ਇਕ ਕਾਪੀ ਜੋ ਲਿਥੋ ਦੀ ਛਪੀ ਹੋਈ ਹੈ ਅਤੇ ਪਹਿਲੀ ਐਡੀਸ਼ਨ ਹੈ, ੨੫) ਦੇ ਕੇ ਲਈ ਸੀ। ਇਸ ਨੂੰ ਸ੍ਰੀਮਾਨ ਸੁਰਗੀ ਗਿਆਨੀ ਤੇਜਾ ਸਿੰਘ ਅੰਮ੍ਰਿਤਸਰ ਵਾਲੇ ਚੰਗੀ ਤਰ੍ਹਾਂ ਜਾਣਦੇ ਸਨ ਕਿਉਂਕਿ ਇਹ ਸੌਦਾ ਉਨ੍ਹਾਂ ਹੀ ਕਰਵਾਇਆ ਸੀ।

ਮੈਨੂੰ ਸ੍ਰੀਮਾਨ ਪੰਡਤ ਹਰੀ ਕ੍ਰਿਸ਼ਨ ਸਿੰਘ ਜੀ ਉਗੋ ਤੇ ਮਹੰਤ ਮਿਹਰ ਸਿੰਘ ਜੀ ਬਰਨਾਲਾ ਨੇ ਵੀ ਭਰੋਸਾ ਦੁਆਇਆ ਹੈ ਕਿ ਪੁਸਤਕ ਦੇ ਪ੍ਰਚਾਰ ਵਾਸਤੇ ਉਹ ਪੂਰਾ ਪੂਰਾ ਜਤਨ ਕਰਨਗੇ। ਇੰਜ ਮਹੰਤ ਪ੍ਰਤਾਪ ਸਿੰਘ ਜੀ ਗਾਲਬ ਨੇ ਖੁਸ਼ੀ ਜਾਹਰ ਕੀਤੀ ਹੈ। ਇਕ ਪੁਸਤਕ ਦੀ ਕੀਮਤ ਘਟ ਤੋਂ ਘਟ ੧॥) ਰਖੀ ਗਈ ਹੈ। ਇਸ ਵਿਚੋਂ ਜੋ ਵੀ ਨਫਾ ਆਏਗਾ ਸੋ ਖੰਡ ਉਹ ਅਗਲੇ ਗ੍ਰੰਥ ਤੇ ਖਰਚ ਕੀਤਾ ਜਾਵੇਗਾ ਮੈਨੂੰ ਸਾਧ ਸੰਗਤ ਦੀਆਂ ਖੁਸ਼ੀਆਂ ਦੀ ਚਾਹਨਾ ਹੈ। ਆਸ ਹੈ ਉਹ ਉਦਾਰਤਾ ਪੂਰਵਕ ਦੇਣ ਤੋਂ ਸੰਕੋਚ ਨਹੀਂ ਕੀਤਾ ਜਾਵੇਗਾ। ਮੈਂ ਆਪਣੇ ਖਰਚ ਲਈ ਇਸ ਵਿਚ ਇਕ ਨਵਾਂ ਪੈਸਾ ਵੀ ਖਰਚ ਨਹੀਂ ਕਰਨਾਂ, ਨਾ ਕੀਤਾ ਹੈ। ਮੈਂ ਪ੍ਰੈਸ ਜਾਣ ਸਮੇਂ ਪੈਦਲ ਹੀ ਜਾਂਦਾ ਰਿਹਾ ਹਾਂ ਤਾਕਿ ਖਰਚ ਦਾ ਭਾਰ ਨਾ ਪਵੇ।

ਆਪਦਾ ਸਨੇਹੀ—

ਸੰਤ ਇੰਦਰ ਸਿੰਘ ਚਕ੍ਰਵਰਤੀ

ਸੰਪਾਦਕ—ਨਿਰਮਲ-ਪੰਥ ਪ੍ਰਦੀਪਕਾ

ਪਟਿਆਲਾ।



Digitized by Panjab Digital Library | www.panjabdigilib.org

B-1544

Digitized by Panjab Digital Library | www.panjabdigilib.org

Digitized by Panjab Digital Library | www.panjabdigilib.org